**Colonial Terrorism of Fear versus Guru Granth on Fear & Hatred :Final Statements of Sikh Shaheeds**

(Meva Singh, Kartar Singh Saraabha, Karam Singh, Bhagat Singh and Udham Singh)

( 30 ਸਤੰਬਰ 2012 ਨੂੰ ਸਟਾਕਟਨ ਗੁਰੂ-ਘਰ ਵਿਖੇ ਕੀਤੀ ਜਾਣ ਵਾਲੀ ਕਾਨਫਰੰਸ ਲਈ ਪਰਚਾ-ਗੁਰਨਾਮ ਕੌਰ (ਰਿਟਾਇਰਡ ਪ੍ਰੋਫੈਸਰ)

1. ਜਾਣ-ਪਛਾਣ (Introduction):-

ਗ਼ਦਰ ਲਹਿਰ, ਜਿਸ ਨੂੰ ਇੱਕ ਤਰ੍ਹਾਂ ਨਾਲ ਭਾਰਤ ਉਤੇ 'ਬ੍ਰਿਟਿਸ਼ ਰਾਜ' ਨੂੰ ਖ਼ਤਮ ਕਰਕੇ ਕੌਮੀ ਰਾਜ ਜਾਂ ਇਉਂ ਕਹਿ ਲਈਏ ਕਿ 'ਲੋਕ ਰਾਜ' ਸਥਾਪਤ ਕਰਨ ਲਈ ਪਹਿਲੀ ਕੌਮੀ ਇਨਕਲਾਬੀ ਲਹਿਰ ਕਹਿਣਾ ਚਾਹੀਦਾ ਹੈ, 'ਤੇ ਹੁਣ ਤੱਕ ਬਹੁਤ ਕੁੱਝ ਲਿਖਿਆ ਜਾ ਚੁੱਕਾ ਹੈ, ਇਥੋਂ ਤੱਕ ਕਿ ਪੀ.ਐਚ.ਡੀ ਦੇ ਥੀਸਿਸ ਤੱਕ ਦੀ ਖ਼ੋਜ ਹੋ ਚੁੱਕੀ ਹੈ। ਪਰ ਹੁਣ ਤੱਕ ਜੋ ਵੀ ਲਿਖਿਆ ਗਿਆ ਹੈ ਉਸ ਵਿੱਚ ਸਿੱਖ ਵਿਚਾਰਧਾਰਾ ਦੇ ਪਿਛੋਕੜ ਨੇ ਕੀ ਅਹਿਮ ਰੋਲ ਅਦਾ ਕੀਤਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦੀ ਕੀ ਭੂਮਿਕਾ ਸੀ, ਇਸ ਨੂੰ ਅੱਖੋਂ-ਪਰੋਖੇ ਹੀ ਕਰੀ ਰੱਖਿਆ ਹੈ। ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਗ਼ਦਰ ਲਹਿਰ ਨੂੰ ਪਹਿਲੀ ਕੌਮੀ ਇਨਕਲਾਬੀ ਲਹਿਰ ਕਿਉਂ ਕਹਿਣਾ ਚਾਹੀਦਾ ਹੈ ਜਦ ਕਿ ਇਸ ਤੋਂ ਪਹਿਲਾਂ ਬ੍ਰਿਟਿਸ਼ ਰਾਜ ਤੋਂ ਨਿਜ਼ਾਤ ਪਾਉਣ ਲਈ 1857 ਦੇ ਗ਼ਦਰ ਦਾ ਇਤਿਹਾਸ ਸਾਹਮਣੇ ਹੈ। ਪਰ 1857 ਦਾ ਗ਼ਦਰ ਕੰਪਨੀ ਰਾਜ ਨੂੰ ਖ਼ਤਮ ਕਰਕੇ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਨੂੰ ਮੁੜ ਰਾਜ-ਸਿੰਘਾਸਣ ਤੇ ਬਿਠਾਉਣ ਲਈ ਉਪਰਾਲਾ ਸੀ ਜਦ ਕਿ ਗ਼ਦਰ ਲਹਿਰ ਇਕ ਅਜਿਹੀ ਇਨਕਲਾਬੀ ਲਹਿਰ ਸੀ ਜਿਸ ਦਾ ਨਿਸ਼ਾਨਾ ਅਮਰੀਕਾ ਦੀ ਤਰਜ਼ ਤੇ ਇੱਕ ਤਰ੍ਹਾਂ ਦਾ ਪਮਚਾਇਤੀ ਕੌਮੀ ਰਾਜ (Republic) ਸਥਾਪਤ ਕਰਨਾ ਸੀ। ਜਗਜੀਤ ਸਿੰਘ ਨੇ ਆਪਣੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵਿੱਚ ਲਿਖਿਆ ਹੈ, " 'ਗ਼ਦਰ ਪਾਰਟੀ ਲਹਿਰ' ਹਿੰਦੀਆਂ ਦੀ ਸਭ ਤੋਂ ਪਹਿਲੀ ਗ਼ੈਰ-ਮਜ਼ਹਬੀ ਅਤੇ ਗ਼ੈਰ-ਜਥੇਬੰਦ ਕੌਮੀ ਇਨਕਲਾਬੀ ਲਹਿਰ ਸੀ, ਜਿਸ ਨੇ ਪੰਚਾਇਤੀ ਕੌਮੀ ਰਾਜ (Republic) ਦਾ ਨਿਸ਼ਾਨਾ ਸਪੱਸ਼ਟ ਰੂਪ ਵਿਚ ਅਪਣਾਇਆ।ਜੇਕਰ ਇਹ ਕੇਵਲ ਇਤਫ਼ਾਕੀਆ ਅਮਲ ਹੁੰਦਾ, ਤਾਂ ਸਿਵਾਏ ਅੰਕੜਿਆਂ ਅਤੇ ਰੀਕਾਰਡਾਂ ਵਿਚ ਦਿਲਚਸਪੀ ਲੈਣ ਵਾਲਿਆਂ ਲਈ, ਇਸ ਦੀ ਆਪਣੇ ਆਪ ਵਿੱਚ ਕੋਈ ਭਾਵ ਪੂਰਤ ਵਿਸ਼ੇਸਤਾ ਨਾ ਹੁੰਦੀ।ਪਰ ਰੂਸ ਵਿੱਚ ਕਿਰਤੀ ਰਾਜ ਕਾਇਮ ਹੋਣ ਤੋਂ ਪਹਿਲੋਂ, ਪੰਚਾਇਤੀ ਰਾਜ ਦੇ ਨਿਸ਼ਾਨੇ ਨੂੰ ਹੀ ਸਾਰੀ ਦੁਨੀਆ ਵਿਚ ਅਮਲੀ ਵਰਤੋਂ ਵਾਲਾ ਅੱਗੇ-ਵਧੂ ਰਾਜਸੀ ਆਦਰਸ਼ ਸਮਝਿਆ ਜਾਂਦਾ ਸੀ",(ਪੰ.18)। ਜਗਜੀਤ ਸਿੰਘ ਦੇ ਇਸ ਕਥਨ ਤੋਂ ਇਸ ਗੱਲ ਦੀ ਵੀ ਪ੍ਰੋੜਤਾ ਹੋ ਜਾਂਦੀ ਹੈ ਕਿ ਗ਼ਦਰ ਪਾਰਟੀ ਲਹਿਰ ਦਾ ਆਗ਼ਾਜ਼ ਕਰਨ ਵਾਲੇ ਰੂਸ ਦੀ ਕਮਿਊਨਿਸਟ ਵਿਚਾਰਧਾਰਾ ਤੋਂ ਪ੍ਰਭਾਵਤ ਨਹੀਂ ਸਨ ਜਿਵੇਂ ਕਿ ਆਮ ਤੌਰ ਤੇ ਖੱਬੇ-ਪੱਖੀ ਵਿਦਵਾਨਾਂ ਵੱਲੋਂ ਸਾਬਤ ਕਰਨ ਦੀ ਕੋਸ਼ਿਸ਼ ਹੁੰਦੀ ਰਹੀ ਹੈ। ਸਿੱਖਾਂ ਉਤੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਹਨਾਂ ਨੇ 1857 ਦੇ ਗ਼ਦਰ ਵਿੱਚ ਅੰਗਰੇਜ਼ਾਂ ਦੀ ਮਦਦ ਕੀਤੀ ਪਰ ਇਸ ਦੀ ਵਜ੍ਹਾ ਸੰਨ 1857 ਦੇ ਗ਼ਦਰ ਦਾ ਨਿਸ਼ਾਨਾ ਆਖ਼ਰੀ ਮੁਗ਼ਲ ਬਾਦਸ਼ਾਹ ਨੂੰ ਗੱਦੀ ਤੇ ਬਿਠਾਉਣ ਦਾ ਵੀ ਹੋ ਸਕਦਾ ਹੈ ਕਿਉਂਕਿ ਮੁਗ਼ਲ ਬਾਦਸ਼ਾਹਾਂ ਦੇ ਜ਼ੁਲਮ ਸਦਕਾ ਸਿੱਖ ਧਰਮ ਮੁਗ਼ਲਾਂ ਨਾਲ ਟਕਰਾਉ ਵਿੱਚ ਲਗਾਤਾਰ ਰਿਹਾ ਸੀ।ਇਸ ਗ਼ਦਰ ਨਾਲ ਪੰਜਾਬੀਆਂ ਨੂੰ ਬਹੁਤੀ ਹਮਦਰਦੀ ਨਹੀਂ ਸੀ ਕਿਉਂਕਿ ਬੰਗਾਲ ਦੀ ਫ਼ੌਜ ਨੇ ਐਂਗਲੋ-ਸਿੱਖ ਲੜਾਈਆਂ ਵਿੱਚ ਈਸਟ ਇੰਡੀਆ ਕੰਪਨੀ ਦੀ ਮਦਦ ਕੀਤੀ ਸੀ। ਸਰਦਾਰ ਜਗਜੀਤ ਸਿੰਘ ਦੇ ਕਥਨ ਅਨੁਸਾਰ , "ਸੰਨ 1857 ਦੇ ਗ਼ਦਰ (ਜਦੋਂ ਸਾਂਝੀ ਹਿੰਦੀ ਕੌਮੀਅਤ ਦਾ ਅਹਿਸਾਸ ਤਕ ਨਹੀਂ ਸੀ, ਜਿਸ ਕਰਕੇ ਇਸ ਨੂੰ ਕੌਮੀ ਲਹਿਰ ਕਹਿਣਾ ਵੀ ਪਤਾ ਨਹੀਂ ਕਿਸ ਹਦ ਤਕ ਵਾਜਬ ਹੈ) ਪਿੱਛੋਂ ਚਲੀਆਂ ਅੰਗਰੇਜ਼ੀ ਰਾਜ ਵਿਰੋਧੀ ਗ਼ੈਰ-ਮਜ਼੍ਹਬੀ ਅਤੇ ਗ਼ੈਰ-ਫ਼ਿਰਕੂ ਨਿਰੋਲ ਕੌਮੀ ਲਹਿਰਾਂ ਨਾਲੋਂ, 'ਗ਼ਦਰ ਪਰਟੀ ਲਹਿਰ' ਦੇ ਹਿੱਸੇ ਫਾਂਸੀਆਂ ਅਤੇ ਉਮਰ-ਕੈਦ ਸਜ਼ਾਵਾਂ ਦਾ ਸਭ ਤੋਂ ਵਧ ਛਾਂਦਾ ਆਇਆ। ਇਹ ਵੀ ਇਤਫ਼ਾਕੀਆ ਅਮਲ ਨਹੀਂ। ਇਹ ਹਕੀਕਤ 'ਗ਼ਦਰ ਪਾਰਟੀ ਲਹਿਰ' ਦੀ ਉਸ ਇਨਕਲਾਬੀ ਅਤੇ ਕੁਰਬਾਨੀ ਦੀ ਸਪਿਰਿਟ ਦਾ ਕੇਵਲ ਇਕ ਚਿਨ੍ਹ ਹੈ, ਜਿਸ ਦੇ ਮੁਕਾਬਲੇ ਦੀਆਂ ਮਿਸਾਲਾਂ ਅੰਗਰੇਜ਼ੀ ਰਾਜ ਵੇਲੇ ਦੇ ਇਤਿਹਾਸ ਵਿਚ ਜੇ ਹਨ ਤਾਂ ਬਹੁਤ ਟਾਂਵੀਆਂ।",(ਪੰ.20) । ਜਗਜੀਤ ਸਿੰਘ ਦੇ ਇਸ ਕਥਨ ਦੇ ਨਾਲ ਹੀ ਇਹ ਕਹਿਣਾ ਵੀ ਗ਼ੈਰ-ਵਾਜਬ ਨਹੀਂ ਹੋਵੇਗਾ ਕਿ ਇਹ ਛਾਂਦਾ ਸਭ ਤੋਂ ਵੱਧ ਸਿੱਖਾਂ ਦੇ ਹਿੱਸੇ ਆਇਆ ਕਿਉਂਕਿ ਉਹਨਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਸੀ। ਕਿਹਾ ਜਾਂਦਾ ਹੈ ਕਿ ਸੰਨ 1908 ਤੱਕ ਤਕਰੀਬਨ 5000 ਭਾਰਤੀ ਕੈਨੇਡਾ ਵਿੱਚ ਪਹੁੰਚ ਚੁੱਕੇ ਸੀ ਜਿਨ੍ਹਾਂ ਵਿੱਚ ਪੰਜਾਬੀ 99% ਸੀ ਅਤੇ ਪੰਜਾਬੀਆਂ ਵਿੱਚ 90% ਸਿੱਖ ਸਨ। ਕੈਨੇਡਾ ਆਕੇ ਉਹਨਾਂ ਨੂੰ ਉਹੋ ਜਿਹੇ ਹੀ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਜਿਹੋ ਜਿਹਾ ਉਹ ਹਿੰਦੁਸਤਾਨ ਵਿੱਚੋਂ ਕਰਦੇ ਆਏ ਸੀ। ਇਸ ਲਈ ਉਹਨਾਂ ਵਿੱਚੋਂ ਬਹੁਤ ਸਾਰੇ

ਸਰਹੱਦ ਪਾਰ ਕਰਕੇ ਯੂ.ਐਸ.ਏ ਚਲੇ ਗਏ। ਕੈਨੇਡਾ ਅਤੇ ਅਮਰੀਕਾ ਆਉਣ ਵਾਲੇ ਇਹ ਭਾਰਤੀ ਮੱਧ-ਵਰਗੀ ਖੇਤੀ ਬਾੜੀ ਕਰਨ ਵਾਲੇ ਅਤੇ ਮਜ਼ਦੂਰੀ ਕਰਨ ਵਾਲੇ ਪਿਛੋਕੜ ਵਿੱਚੋਂ ਸਨ ਜਿਹਨਾਂ ਵਿੱਚ ਬਹੁਤ ਸਾਰੇ ਐਕਸ-ਸਰਵਿਸਮੈਨ ਸੀ। ਜਦੋਂ ਕੋਈ ਬਾਹਰਲੀ ਸ਼ਕਤੀ ਕਿਸੇ ਮੁਲਕ ਤੇ ਕਬਜਾ ਕਰਦੀ ਹੈ ਅਤੇ ਉਸਨੂੰ ਕਾਇਮ ਰੱਖਣਾ ਚਾਹੁੰਦੀ ਹੈ, ਇਹ ਕਬਜਾ ਭਾਵੇਂ ਕਿਸੇ ਇਕੱਲੇ ਵਿਅਕਤੀ ਦਾ ਹੋਵੇ ਅਤੇ ਭਾਂਵੇਂ ਕਿਸੇ ਮੁਲਕ ਦਾ, ਤਾਂ ਉਹ ਉਥੋਂ ਦੀ ਜਨਤਾ ਨੂੰ ਆਪਣੀ ਸ਼ਕਤੀ ਰਾਹੀਂ ਭੈ-ਭੀਤ ਕਰਕੇ ਆਪਣੇ ਲਈ ਸਤਿਕਾਰ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਅੰਗਰੇਜ਼ ਰਾਜ ਨੇ ਵੀ ਭਾਰਤੀ ਜਨਤਾ ਦੇ ਮਨਾਂ ਵਿੱਚ ਡਰ ਪੈਦਾ ਕਰਕੇ ਆਪਣਾ ਸਤਿਕਾਰ ਪੈਦਾ ਕਰਨ ਦੇ ਸਾਰੇ ਉਪਰਾਲੇ ਕੀਤੇ ਜਿਸ ਦੀਆਂ ਉਦਾਹਰਣਾਂ ਵੱਖ ਵੱਖ ਸਮਿਆਂ ਤੇ ਸਪਸ਼ਟ ਮਿਲਦੀਆਂ ਹਨ। ਇਸੇ ਦਾ ਖ਼ੁਲਾਸਾ ਕਰਦਿਆਂ ਡਾ. ਰਘਬੀਰ ਸਿੰਘ ਨੇ 'ਗ਼ਦਰ ਪਾਰਟੀ ਅਤੇ ਅਕਾਲੀ ਲਹਿਰ' ਲੇਖ ਵਿੱਚ ਲਿਖਿਆ ਹੈ, "ਪਹਿਲੀ ਸੰਸਾਰ ਜੰਗ ਵਿੱਚ ਬਰਤਾਨਵੀ ਸਰਕਾਰ ਬੁਰੀ ਤਰ੍ਹਾਂ ਫਸੀ ਹੋਈ ਸੀ। ਇਸ ਸਮੇ ਹਿੰਦੁਸਤਾਨ ਵਿਚ ਕਿਸੇ ਤਰ੍ਹਾਂ ਦੀ ਗੜਬੜ ਉਸ ਲਈ ਮਾਰੂ ਸਿਧ ਹੋ ਸਕਦੀ ਸੀ। ਇਸ ਲਈ ਬਸਤੀਵਾਦੀ ਹਕੂਮਤ ਨੇ ਜਬਰ ਦਾ ਕੋਈ ਵੀ ਐਸਾ ਸਾਧਨ ਨਹੀਂ ਸੀ ਛੱਡਿਆ ਜੋ ਹਿੰਦੁਸਤਾਨੀਆਂ ਨੂੰ ਦਬਾਅ ਕੇ ਰੱਖਣ ਲਈ ਵਰਤੋਂ ਵਿਚ ਲਿਆਉਣਾ ਜ਼ਰੂਰੀ ਹੋਵੇ"। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਬਰਾਬਰੀ ਦੇ ਸਿਧਾਂਤ ਤੇ ਨਿਰਭਉ ਅਤੇ ਨਿਰਵੈਰ ਹੋਕੇ ਜਿਉਣਾ ਸਿਖਾਉਂਦੀ ਹੈ ਜਿਸ ਵਿੱਚ ਸਮਾਜਿਕ ਨਿਆਉਂ ਨੂੰ ਪਹਿਲ ਪ੍ਰਾਪਤ ਹੈ। ਪੰਜਾਬ ਗੁਰੂਆਂ ਦੀ ਵਰੋਸਾਈ ਧਰਤੀ ਹੈ ਜਿਸ ਬਾਰੇ ਪ੍ਰੋਫੈਸਰ ਪੂਰਨ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ। ਇਸ ਤਰ੍ਹਾਂ ਕੈਨੇਡਾ ਅਤੇ ਅਮਰੀਕਾ ਜਾਣ ਵਾਲੇ ਸਾਰੇ ਪੰਜਾਬੀਆਂ ਵਿੱਚ ਪੰਜਾਬ ਦੀ ਮਿੱਟੀ ਵਿੱਚ ਜੰਮੇ-ਪਲੇ ਹੋਣ ਤੇ ਆਮ ਕਰਕੇ ਅਤੇ ਸਿੱਖਾਂ ਤੇ ਖਾਸ ਤੌਰ ਤੇ ਇਸ ਕੀਮਤ ਸਿਧਾਂਤ ਦਾ ਕੁਦਰਤੀ ਅਸਰ ਸੀ, ਜਿਸ ਨੇ ਉਹਨਾਂ ਨੂੰ ਆਪਣੇ ਨਾਲ ਹੋ ਰਹੀਆਂ ਵਧੀਕੀਆਂ ਅਤੇ ਗ਼ੁਲਾਮੀ ਦਾ ਅਹਿਸਾਸ ਕਰਾਇਆ ਅਤੇ ਗ਼ਦਰ ਪਾਰਟੀ ਲਹਿਰ ਨੂੰ ਜਨਮ ਦੇਣ ਲਈ ਪ੍ਰੇਰਿਆ।ਇਨ੍ਹਾਂ ਸਰੋਕਾਰਾਂ ਦਾ ਵਿਸ਼ਲੇਸ਼ਣ ਕਰਨਾ ਹੀ ਇਸ ਪਰਚੇ ਦਾ ਮੂਲ ਮਕਸਦ ਹੈ।

## 2.Colonial Terrorism of Fear:-

'ਕੰਪਨੀ ਰਾਜ' ਤੋਂ ਭਾਵ ਹੈ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦਾ ਭਾਰਤੀ ਉਪ-ਮਹਾਂਦੀਪ ਤੇ ਰਾਜ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਇੰਗਲੈਂਡ ਦੀ ਕੰਪਨੀ ਸੀ ਜੋ ਈਸਟ ਇੰਡੀਜ਼ ਨਾਲ ਵਪਾਰ ਕਰਨ ਲਈ ਬਣਾਈ ਗਈ ਪਰ ਇਹ ਭਾਰਤ ਉਪ-ਮਹਾਂਦੀਪ ਨਾਲ ਵਪਾਰ ਤੱਕ ਮਹਿਦੂਦ ਹੋ ਗਈ। ਇਸ ਦੇ ਹਿੱਸੇਦਾਰ ਅਮੀਰ ਵਪਾਰੀ ਅਤੇ ਕੁਲੀਨ ਵਰਗ ਨਾਲ ਸਬੰਧਤ ਲੋਕ ਸਨ। ਸਰਕਾਰ ਦਾ ਇਸ ਵਿੱਚ ਕੋਈ ਹਿੱਸਾ ਨਹੀਂ ਸੀ ਪਰ ਸਰਕਾਰ ਦਾ ਕੰਪਨੀ ਤੇ ਅਸਿੱਧਾ ਕੰਟਰੋਲ ਸੀ। ਆਪਣੀ ਨਿਜੀ ਫ਼ੌਜੀ ਸ਼ਕਤੀ ਨਾਲ ਕੰਪਨੀ ਨੇ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਤੇ ਕਬਜਾ ਕਰ ਲਿਆ ਅਤੇ ਇਸ ਨੇ ਆਪਣਾ ਪ੍ਰਬੰਧਕੀ ਸਾਸ਼ਨ ਸ਼ੁਰੂ ਕਰ ਦਿੱਤਾ। ਸੰਨ 1757 ਵਿੱਚ ਪਲਾਸੀ ਦੀ ਲੜਾਈ ਤੋਂ ਬਾਅਦ ਇਹ ਤਾਕਤ ਤੇ ਕਾਬਜ਼ ਹੋ ਗਈ ਅਤੇ 1765 ਵਿੱਚ ਜਦੋਂ ਬੰਗਾਲ ਦੇ ਨਵਾਬ ਨੇ ਆਪਣੀ ਪ੍ਰਭੁਤਾ ਕੰਪਨੀ ਨੂੰ ਸੌਂਪ ਦਿੱਤੀ ਤਾਂ ਬੰਗਾਲ ਅਤੇ ਬਿਹਾਰ ਤੇ ਕੰਪਨੀ ਦਾ ਰਾਜ ਪ੍ਰਭਾਵਸ਼ਾਲੀ ਰੂਪ ਵਿੱਚ ਕਾਇਮ ਹੋ ਗਿਆ ਅਤੇ 1858 ਤੱਕ ਕਾਇਮ ਰਿਹਾ। ਸੰਨ1857 ਦੇ ਗ਼ਦਰ ਨੂੰ ਮੱਦੇ-ਨਜ਼ਰ ਰੱਖਦਿਆਂ 'ਗਵਰਨਮੈਂਟ ਆਫ ਇੰਡੀਆ ਐਕਟ 1858' ਨਾਲ ਬ੍ਰਿਟਿਸ਼ ਕਰਾਊਨ ਨੇ ਭਾਰਤ ਦਾ ਸਿੱਧਾ ਪ੍ਰਬੰਧ ਨਿਊ ਬ੍ਰਿਟਿਸ਼ ਰਾਜ ਦੇ ਰੂਪ ਵਿੱਚ ਆਪਣੇ ਹੱਥ ਵਿੱਚ ਲੈ ਲਿਆ। ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਛਤਰ-ਛਾਇਆ ਹੇਠ ਬਹੁਤ ਸਮੇ ਤੱਕ ਇੱਕ ਅਜ਼ਾਦ ਮੁਲਕ ਰਿਹਾ ਜਦ ਕਿ ਭਾਰਤ ਦੇ ਬਹੁਤ ਸਾਰੇ ਸੂਬੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਪਹਿਲਾਂ ਹੀ ਹਥਿਆ ਲਏ ਸਨ। ਲਾਹੌਰ ਸੰਧੀ 1849 ਮੁਤਾਬਿਕ ਕੰਪਨੀ ਨੇ ਪੰਜਾਬ ਨੂੰ ਵੀ ਪੂਰੀ ਤਰ੍ਹਾਂ ਆਪਣੇ ਕਬਜੇ ਵਿੱਚ ਲੈ ਲਿਆ।

(ੳ) ਪੱਗੜੀ ਸੰਭਾਲ ਜੱਟਾ ਅੰਦੋਲਨ:- ਸ਼ਹੀਦ ਭਗਤ ਸਿੰਘ ਦਾ ਖ਼ਾਨਦਾਨ ਕੰਪਨੀ ਰਾਜ ਦੀ ਮੁਖ਼ਾਲਫਤ ਵਜੋਂ ਰਾਜਨੀਤਕ ਪੱਖ ਤੋਂ ਬਹੁਤ ਚੇਤੰਨ ਪਰਿਵਾਰ ਸੀ ਜਿਸ ਦਾ ਸਰਦਾਰ ਭਗਤ ਸਿੰਘ ਤੇ ਬਹੁਤ ਡੂੰਘਾ ਅਸਰ ਪਿਆ। ਸਰਦਾਰ ਭਗਤ ਸਿੰਘ ਦੇ ਪੜਦਾਦਾ ਸਰਦਾਰ ਫ਼ਤਿਹ ਸਿੰਘ ਉਹਨਾਂ ਸੂਰਮੇ ਸਿੱਖਾਂ ਵਿੱਚੋਂ ਸੀ ਜਿਹੜੇ ਕੰਪਨੀ ਰਾਜ ਦੇ ਪੰਜਾਬ ਉਤੇ ਹਮਲੇ ਨੂੰ ਪਛਾੜਨ ਲਈ ਐਂਗਲੋ-ਸਿੱਖ ਲੜਾਈਆਂ ਵਿੱਚ ਸੂਰਮਗਤੀ ਨਾਲ ਲੜੇ। ਉਸਦੇ ਇਸ ਵਿਰੋਧ ਕਾਰਨ ਹੀ ਜਦੋਂ ਅੰਗਰੇਜ਼ਾਂ ਨੇ ਪੰਜਾਬ ਤੇ ਕਬਜਾ ਕਰ ਲਿਆ ਤਾਂ ਸਰਦਾਰ ਫ਼ਤਿਹ ਸਿੰਘ ਦੀ ਸਾਰੀ ਜ਼ਮੀਨ-ਜਾਇਦਾਦ ਵੀ ਕੁਰਕ ਕਰ ਲਈ। ਜਦੋਂ 1857 ਦਾ ਗ਼ਦਰ ਹੋਇਆ ਤਾਂ ਅੰਗਰੇਜ਼ਾਂ ਨੂੰ ਮਦਦ ਦੀ ਬਹੁਤ ਜ਼ਿਆਦਾ ਲੋੜ ਸੀ। ਉਹਨਾਂ ਨੇ ਫ਼ਤਿਹ ਸਿੰਘ ਅਤੇ ਦੂਸਰੇ ਸਿੱਖ ਕਮਾਂਡਰਾਂ ਨੂੰ ਐਲਾਨ ਕੀਤਾ ਕਿ ਜੇ ਉਹ ਬਾਗ਼ੀਆਂ ਦੇ ਖ਼ਿਲਾਫ ਅੰਗਰੇਜ਼ਾਂ ਦੀ ਮੱਦਦ ਕਰਨਗੇ ਤਾਂ ਨਾ

ਸਿਰਫ ਉਹਨਾਂ ਦੀਆਂ ਕੁਰਕ ਕੀਤੀਆਂ ਜਾਇਦਾਦਾਂ ਵਾਪਸ ਮਿਲ ਜਾਣਗੀਆਂ ਸਗੋਂ ਉਹਨਾਂ ਨੂੰ ਹੋਰ ਵੀ ਬਹੁਤ ਇਨਾਮ ਅਤੇ ਸਨਮਾਨ ਦਿੱਤਾ ਜਾਵੇਗ।ਕਈਆਂ ਨੇ ਇਹ ਪੇਸ਼ਕਸ਼ ਪ੍ਰਵਾਨ ਵੀ ਕਰ ਲਈ। ਸਰਦਾਰ ਫਤਿਹ ਸਿੰਘ ਨੇ ਜਵਾਬ ਦਿੱਤਾ ਕਿ ਧਰੋਹੀ ਬਣਕੇ ਬਦਲੇ ਵਿੱਚ ਜਾਇਦਾਦ ਵਾਪਸ ਲੈਣ ਦੀ ਉਹਨਾਂ ਨੂੰ ਕੋਈ ਜ਼ਰੂਰਤ ਨਹੀਂ ਹੈ।ਜਦੋਂ ਬ੍ਰਿਟਿਸ਼ ਰਾਜ ਨੇ ਨਵੇਂ ਬਸਤੀਵਾਦੀ ਕਾਨੂੰਨ 'ਕੋਲੋਨੀਜ਼ੇਸ਼ਨ ਐਕਟ ਅਤੇ ਦੁਆਬ ਬਾਰੀ ਐਕਟ ਬਣਾਏ, ਚਨਾਬ ਦਰਿਆ ਤੋਂ ਲਾਇਲ ਪੁਰ ਪਾਣੀ ਲੈ ਜਾਣ ਲਈ ਨਹਿਰਾਂ ਕੱਢੀਆਂ ਤਾਂ ਪੰਜਾਬ ਦੇ ਬਾਕੀ ਜਿਲਿਆਂ ਵਿੱਚੋਂ ਉਥੇ ਜਾਕੇ ਵੱਸਣ ਵਾਲਿਆਂ ਨੂੰ ਮੁਫ਼ਤ ਜ਼ਮੀਨਾਂ ਅਲਾਟ ਕਰਨ ਦਾ ਵਾਅਦਾ ਕੀਤਾ ਗਿਆ ਸੀ। ਪਰ ਜਦੋਂ ਕਿਸਾਨਾਂ ਨੇ ਆਪਣੇ ਪਿੰਡਾਂ ਤੋਂ ਜ਼ਮੀਨਾਂ ਵੇਚ ਕੇ ਉਥੇ ਜ਼ਮੀਨਾਂ ਅਬਾਦ ਕਰ ਦਿੱਤੀਆਂ ਤਾਂ ਸਰਕਾਰ ਆਪਣੇ ਵਾਅਦੇ ਤੋਂ ਮੁਕਰ ਗਈ। ਲਾਇਲ ਪੁਰ ਵਿੱਚ 3 ਮਾਰਚ 1907 ਨੂੰ ਰਾਜ ਦੇ ਖ਼ਿਲਾਫ ਵਿਸ਼ਾਲ ਰੈਲੀ ਹੋਈ ਜਿਸ ਵਿੱਚ 'ਝੰਗ ਸਿਆਲ' ਨਾਮੀ ਅਖ਼ਬਾਰ ਦੇ ਸੰਪਾਦਕ ਬਾਂਕੇ ਦਇਆਲ ਨੇ ਆਪਣਾ ਗੀਤ 'ਪੱਗੜੀ ਸੰਭਾਲ ਜੱਟਾ ਪੱਗੜੀ ਸੰਭਾਲ ਓਏ' ਪੇਸ਼ ਕੀਤਾ। ਇਹ ਗੀਤ ਏਨਾ ਮਸ਼ਹੂਰ ਹੋ ਗਿਆ ਕਿ ਇਹ ਇਸ ਲਹਿਰ ਦਾ ਸਿੰਬਲ ਬਣ ਗਿਆ ਅਤੇ ਮੂਵਮੈਂਟ ਦਾ ਨਾਮ ਹੀ 'ਪੱਗੜੀ ਸੰਭਾਲ ਜੱਟਾ' ਪੈ ਗਿਆ ਅਤੇ ਸਰਦਾਰ ਅਜੀਤ ਸਿੰਘ ਨੇ ਜਿਸ ਤਰ੍ਹਾਂ ਇਸ ਲਹਿਰ ਦੀ ਅਗਵਾਈ ਕੀਤੀ, ਉਹ ਇਸ ਦੇ ਨਾਇਕ ਹੋ ਨਿਬੜੇ। 18 ਅਪ੍ਰੈਲ 1907 ਨੂੰ ਮੁਲਤਾਨ ਵਿੱਚ ਫੌਜੀਆਂ ਦੀ ਅਚਾਨਕ ਹੋਈ ਮੀਟਿੰਗ ਵਿੱਚ ਤਕਰੀਬਨ 200 ਸਿੱਖ ਫੌਜੀਆਂ ਨੇ ਭਾਗ ਲਿਆ। ਬ੍ਰਿਟਿਸ਼ ਰਾਜ ਦੇ ਹੁਕਮਾਂ ਨੂੰ ਨਾ ਮੰਨਦੇ ਹੋਏ ਰੋਸ-ਰੈਲੀਆਂ ਕਰ ਰਹੇ ਕਿਸਾਨਾਂ ਉਤੇ ਬਹੁਤ ਸਾਰੀਆਂ ਥਾਵਾਂ ਤੇ ਫੌਜੀਆਂ ਨੇ ਗੋਲੀ ਚਲਾਉਣ ਤੋਂ ਇਨਕਾਰ ਕਰ ਦਿੱਤਾ । ਬ੍ਰਿਟਿਸ਼ ਰਾਜ ਦੇ ਬੇਹਿਸਾਬੇ ਦਮਨ ਕਰਕੇ ਗੁੱਸੇ ਕਾਰਨ ਲਾਇਲ ਪੁਰ, ਗੁਰਦਾਸ ਪੁਰ, ਲਾਹੌਰ ਅਤੇ ਬਹੁਤ ਸਾਰੀਆਂ ਥਾਵਾਂ ਤੇ ਦੰਗੇ ਭੜਕ ਪਏ। ਪੰਜਾਬ ਗਵਰਨਰ ਲਾਰਡ ਇਬਟਸਨ (Lord Ibbotson) ਨੇ ਵਾਇਸਰਾਇ, ਲਾਰਡ ਹਾਰਡਿੰਗ (Lord Hardinge) ਨੂੰ ਜ਼ਰੂਰੀ ਟੈਲੀਗਰਾਫ ਰਾਹੀਂ ਦੱਸਿਆ ਕਿ ਅਜੀਤ ਸਿੰਘ ਅਤੇ ਉਸਦੀ ਪਾਰਟੀ ਦੀ ਅਗਵਾਈ ਵਿੱਚ ਪੰਜਾਬ ਵਿਦਰੋਹ ਦੇ ਕੰਢੇ ਤੇ ਹੈ। ਇਸ ਨੂੰ ਰੋਕਣ ਲਈ ਪ੍ਰਬੰਧ ਹੋਣਾ ਚਾਹੀਦਾ ਹੈ (Punjab is on the brick of rebellion being led by Ajit Singh and his party. Arrangements must be made to halt it.)। ਇਸ ਤੋਂ ਪਹਿਲਾਂ 29 ਅਗਸਤ 1906 ਨੂੰ, ਵਇਸਰਾਇ ਮਿੰਟੋ ਨੇ ਬ੍ਰਿਟੇਨ ਵਿੱਚ ਇੰਡੀਅਨ ਮਨਿਸਟਰ , ਲਾਰਡ ਮੈਕਾਲੇ (Lord Macaulay) ਨੂੰ ਲਿਖਿਆ ਕਿ ਹਥਿਆਰਬੰਦ ਫੌਜਾਂ ਵਿੱਚ ਬਗਾਵਤ ਵਾਸਤੇ ਜ਼ਮੀਨ ਤਿਆਰ ਹੋ ਰਹੀ ਹੈ।ਫੌਜੀਆਂ ਵਿੱਚ ਖਾਸ ਕਿਸਮ ਦਾ ਸਾਹਿਤ ਵੰਡਿਆ ਜਾ ਰਿਹਾ ਹੈ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਦਾ ਨਤੀਜਾ ਬਗ਼ਾਵਤ ਵਿੱਚ ਨਿਕਲੇਗਾ, "ground is being prepared for a rebellion in the armed forces.Literature of certain kind is being distributed among the soldiers and this will no doubt result in a rebellion."। 4 ਮਈ 1907 ਨੂੰ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਦੇ ਵਰੰਟ ਕੱਢੇ ਗਏ। 2 ਜੂਨ ਨੂੰ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਨੂੰ ਜਲਾਵਤਨ ਕਰਕੇ ਬਰ੍ਹਮਾ ਦੀ ਮਾਂਡਲੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ।ਇਹ ਉਹੀ ਜੇਲ੍ਹ ਸੀ ਜਿਸ ਵਿੱਚ 1857 ਦੇ ਗ਼ਦਰ ਤੋਂ ਬਾਅਦ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਰੱਖਿਆ ਗਿਆ ਸੀ ਅਤੇ ਉਸ ਦੇ ਪਿੱਛੋਂ ਬਾਬਾ ਰਾਮ ਸਿੰਘ ਨਾਮਧਾਰੀ, ਕੂਕਾ ਬਗ਼ਾਵਤ ਦੇ ਨੇਤਾ ਨੂੰ ਭੇਜਿਆ ਗਿਆ ਸੀ (ਵਿਕੀਪੀਡੀਆ, ਫਰੀ ਇਨਸਾਈਕਲੋਪੀਡੀਆ-ਸੁਖਦਰਸ਼ਨ ਮਟੂ)। "Lord Minto and Indian nationalist movement 1905-1910 by Syed Razi Wasti 1964, Clarendon Press Oxford page, 100) ਵਿੱਚ ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੀ ਜਲਾਵਤਨੀ ਤੇ ਲਿਖਿਆ ਹੈ, "Minto was not very fond of policy of deportation and repressing, but could not see no alternative, as he wrote to Lord Roberts, who wrote, 'Morley was willing to support you in any repressive measures you may think necessary to take. Lord Roberts further informed Minto that "I told Morley that we govern India by respect based on Fear, remove the fear and the respect will soon disappear'(Reference Lord Roberts to Minto, 17th May 1907.M.C.).

(ਅ)ਕੂਕਾ ਲਹਿਰ:- ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਡਿਗ ਜਾਣ ਤੋਂ ਬਾਅਦ ਖਾਲਸੇ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ।ਕਈ ਲਹਿਰਾਂ ਸਿੱਖ ਧਰਮ ਵਿੱਚ ਸੁਧਾਰ ਲਿਆਉਣ ਲਈ ਸ਼ੁਰੂ ਹੋਈਆਂ ਜਿਨ੍ਹਾਂ ਵਿੱਚ ਸਭ ਤੋਂ ਪਹਿਲੀ ਕੂਕਾ ਲਹਿਰ ਸੀ ਜੋ ਬਾਬਾ ਰਾਮ ਸਿੰਘ ਨਾਮਧਾਰੀ ਨੇ ਐਂਗਲੋ-ਸਿੱਖ ਲੜਾਈ ਤੋਂ ਬਾਅਦ ਸ਼ੁਰੂ ਕੀਤੀ। ਉਹ ਖ਼ਾਲਸਾ ਫੌਜ ਵਿੱਚ ਸਿਪਾਹੀ ਸੀ। ਆਪਣੇ ਥੋੜੇ ਜਿਹੇ ਅਰਸੇ ਵਿੱਚ ਕੂਕਾ ਲਹਿਰ ਨੇ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਤਿੰਨ ਵਾਰ ਵਿਦਰੋਹ ਕੀਤਾ।ਪਹਿਲਾ ਉਪਰਾਲਾ ਸੰਨ 1869 ਵਿੱਚ ਕੀਤਾ ਗਿਆ ਜਦੋਂ ਫ਼ਿਰੋਜ ਪੁਰ ਅਤੇ ਸਰਸਾ ਨਾਲ ਸਬੰਧਤ ਕੂਕਿਆਂ ਨੇ ਡਿਪਟੀ ਇੰਸਪੈਕਟਰ ਦੀਵਾਨ ਬਖ਼ਸ਼ ਅਤੇ ਉਸਦੇ ਸਿਪਾਹੀ ਸੂਬੇ

ਸਿੰਘ ਨੂੰ ਜ਼ਖਮੀ ਕਰ ਦਿੱਤਾ ਅਤੇ ਉਹਨਾਂ ਦੇ ਹਥਿਆਰ ਖੋਹ ਲਏ। ਦੂਸਰੀ ਘਟਨਾ ਉਦੋਂ ਵਾਪਰੀ ਜਦੋਂ ਬ੍ਰਿਟਿਸ਼ ਰਾਜ ਨੇ ਸਿੱਖਾਂ ਨੂੰ ਉਹਨਾਂ ਦੇ ਧਾਰਮਿਕ ਸਥਾਨਾਂ ਦੀ ਬੇਪਤੀ ਰਾਹੀਂ ਲਲਕਾਰਿਆ। ਕੂਕਿਆਂ ਨੇ ਜੂਨ 1871 ਵਿੱਚ ਅੰਮ੍ਰਿਤਸਰ, ਰਾਇਕੋਟ ਦੇ ਬੁੱਚੜਖਾਨਿਆਂ ਤੇ ਹਮਲਾ ਕੀਤਾ। ਉਹਨਾਂ ਨੇ ਬੁੱਚੜਾਂ ਦਾ ਕਤਲ ਕਰਕੇ ਗਊਆਂ ਛੁਡਾਈਆਂ। ਇਸ ਕੇਸ ਵਿੱਚ ਚਾਰ ਕੂਕਿਆਂ ਨੂੰ ਸਤੰਬਰ 1871 ਨੂੰ ਰਾਮਬਾਗ ਵਿੱਚ ਬੋਹੜ ਦੇ ਦਰੱਖਤ ਨਾਲ ਟੰਗ ਕੇ ਫਾਹੇ ਲਾਇਆ ਗਿਆ ਅਤੇ ਕਈ ਹੋਰਨਾ ਨੂੰ ਲੰਬੀ ਕੈਦ ਦੀ ਸਜਾ ਸੁਣਾਈ ਗਈ। ਜਨਵਰੀ 1872 ਵਿੱਚ ਬਾਬਾ ਰਾਮ ਸਿੰਘ ਦੇ ਰੋਕਣ ਦੇ ਬਾਵਜੂਦ ਇੱਕ ਗਰੁੱਪ ਨੇ ਮਲੇਰਕੋਟਲੇ ਦੇ ਬੁੱਚੜਾਂ ਤੇ ਹਮਲਾ ਕਰਨ ਦਾ ਫੈਸਲਾ ਕੀਤਾ।ਇਸ ਕੇਸ ਵਿੱਚ 68 ਕੂਕਿਆਂ ਨੂੰ ਬੰਦੀ ਬਣਾਇਆ ਗਿਆ ਜਿਨ੍ਹਾਂ ਵਿੱਚੋਂ 66 ਨੂੰ ਤੋਪਾਂ ਨਾਲ ਬੰਨ੍ਹ ਕੇ ਉੜਾ ਦਿੱਤਾ।16 ਹੋਰ ਕੂਕਿਆਂ ਨੂੰ ਤੋਪਾਂ ਨਾਲ ਉੜਾਇਆ ਗਿਆ ਅਤੇ ਚਾਰ ਨੂੰ ਕੈਦ ਦੀ ਸਜਾ ਦਿੱਤੀ। ਬਾਬਾ ਰਾਮ ਸਿੰਘ ਅਤੇ ਉਸ ਦੇ ਗਿਆਰਾਂ ਸ਼ਰਧਾਲੂਆਂ ਨੂੰ ਜਲ੍ਹਾਵਤਨ ਕਰਕੇ ਰੰਗੂਨ ਭੇਜ ਦਿੱਤਾ ਗਿਆ। ਬਾਬਾ ਰਾਮ ਸਿੰਘ ਦੀ ਮੌਤ 1885 ਵਿੱਚ ਰੰਗੂਨ ਵਿੱਚ ਹੀ ਹੋ ਗਈ। ਇਸ ਤੋਂ ਹੀ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਬ੍ਰਿਟਿਸ਼ ਰਾਜ ਨੇ ਹਿੰਦੁਸਤਾਨੀ ਜਨਤਾ ਨੂੰ ਹਰ ਤਰ੍ਹਾਂ ਨਾਲ ਡਰਾਉਣ ਦੀ ਕੋਸ਼ਿਸ਼ ਕੀਤੀ। (Historical Sikh Events, Namdhari (Kuka) Movement-Gateway to—www.allabout Sikhs.com/)

(ੲ) ਜਲ੍ਹਿਆਂ ਵਾਲਾ ਬਾਗ਼ ਦੀ ਘਟਨਾ:- ਪਹਿਲੀ ਸੰਸਾਰ ਜੰਗ ਤੋਂ ਬਾਅਦ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਜ਼ਖ਼ਮੀ ਹੋ ਗਏ, ਮੁਦਰਾ ਦਾ ਪਾਸਾਰ (ਇਨਫਲੇਸ਼ਨ) , ਵਧੇ ਹੋਏ ਟੈਕਸਾਂ ਦਾ ਬੋਝ ਅਤੇ ਹੋਰ ਅਨੇਕਾਂ ਸਮੱਸਿਆਵਾਂ ਨੇ ਹਿੰਦੁਸਤਾਨ ਦੀ ਜਨਤਾ ਤੇ ਬੇਹੱਦ ਅਸਰ ਪਾਇਆ।ਅਲੱਗ ਅਲੱਗ ਗਰੁਪਾਂ ਨੇ ਅੰਗਰੇਜ਼ਾਂ ਤੋਂ ਭਾਰਤ ਨੂੰ ਅਜ਼ਾਦ ਕਰਾਉਣ ਲਈ ਆਪਣੇ ਆਪਣੇ ਗਿਲੇ-ਸ਼ਿਕਵੇ ਦੂਰ ਕਰਕੇ ਏਕਾ ਕੀਤਾ।ਸਾਰੇ ਭਾਰਤ ਵਿੱਚ ਜਨਤਕ ਬੇ-ਚੈਨੀ ਬਹੁਤ ਬੁਰੀ ਤਰ੍ਹਾਂ ਫੈਲ ਗਈ ਖਾਸ ਕਰਕੇ ਮੁੰਬਈ ਦੇ ਮਿਲ ਕਾਮਿਆਂ ਵਿੱਚ, ਜਿਸ ਕਰਕੇ 1919 ਵਿੱਚ ਰੌਲਟ ਕਮੇਟੀ ਬਣਾਈ ਗਈ।ਰੌਲਟ ਕਮੇਟੀ ਦਾ ਨਾਮ ਅੰਗਰੇਜ਼ ਜੱਜ ਸਿਡਨੀ ਰੌਲੇਟ ਦੇ ਨਾਮ ਤੇ ਪਿਆ।ਕਮੇਟੀ ਦਾ ਕੰਮ ਹਿੰਦੁਸਤਾਨ ਵਿੱਚ ਇਨਕਲਾਬੀ ਲਹਿਰ ਦੇ ਜਰਮਨ ਅਤੇ ਬਾਲਸ਼ਵਿਕਾਂ ਨਾਲ ਸਬੰਧਾਂ ਦੀ ਪੜਤਾਲ ਕਰਨਾ ਸੀ, ਖ਼ਾਸ ਤੌਰ ਤੇ ਪੰਜਾਬ ਅਤੇ ਬੰਗਾਲ ਵਿੱਚ।ਕਮੇਟੀ ਨੇ ਡਿਫੈਂਸ ਆਫ ਇੰਡੀਆਂ ਐਕਟ 1915 ਦੇ ਪਰਸਾਰ ਦੀ ਮੰਗ ਕੀਤੀ। ਐਕਟ ਨੇ ਵਾਇਸਰਾਏ ਦੀ ਸਰਕਾਰ ਦੀਆਂ ਸ਼ਕਤੀਆਂ ਬਹੁਤ ਵਧਾ ਦਿੱਤੀਆਂ, ਜਿਸ ਵਿੱਚ ਪ੍ਰੈਸ ਨੂੰ ਚੁੱਪ ਕਰਾ ਦੇਣਾ, ਰਾਜਨੀਤਕ ਤੌਰ ਤੇ ਸਰਗਰਮ ਲੋਕਾਂ ਨੂੰ ਬਿਨਾਂ ਮੁਕੱਦਮੇ ਤੋਂ ਨਜ਼ਰਬੰਦ ਕਰਨਾ,ਕਿਸੇ ਵੀ ਵਿਅਕਤੀ ਨੂੰ ਵਿਦਰੋਹ ਦੇ ਸ਼ੱਕ ਤੇ ਬਿਨਾ ਵਰੰਟਾਂ ਦੇ ਗ੍ਰਿਫਤਾਰ ਕਰਨਾ. ਇਸ ਐਕਟ ਨੇ ਲੋਕਾ ਦੇ ਗੁੱਸੇ ਨੂੰ ਬਹੁਤ ਭੜਕਾ ਦਿੱਤਾ। ਅੰਮ੍ਰਿਤਸਰ ਵਿੱਚ ਜਲ੍ਹਿਆਂ ਵਾਲਾ ਬਾਗ ਵਿੱਚ 15000 ਲੋਕ ਇੱਕੱਠੇ ਹੋਏ। ਅਗਲੇ ਕੁੱਝ ਦਿਨਾਂ ਵਿੱਚ ਹਾਲਾਤ ਬਹੁਤ ਹੀ ਖ਼ਰਾਬ ਹੋ ਗਏ।ਕਿਹਾ ਜਾਂਦਾ ਹੈ ਕਿ ਮਾਈਕਲ ਓਡਵਾਇਰ ਦਾ ਵਿਸ਼ਵਾਸ ਸੀ ਕਿ ਇਹ ਮਈ ਦੇ ਆਸ-ਪਾਸ ਹੋਣ ਵਾਲੀ ਬਗਾਵਤ ਵਰਗੀ ਸਾਜਸ਼ ਦੇ ਮੁੱਢਲੇ ਅਤੇ ਭੈੜੇ-ਛੁਪੇ ਹੋਏ ਸਾਜਸ ਦੇ ਚਿੰਨ੍ਹ ਹਨ, ਜਦੋਂ ਗਰਮ ਮੌਸਮ ਕਾਰਨ ਅੰਗਰੇਜ਼ ਸੈਨਾ ਪਹਾੜਾਂ ਵਿੱਚ ਚਲੀ ਜਾਂਦੀ ਹੈ।ਅੰਮ੍ਰਿਤਸਰ ਕਤਲਾਮ, ਇਸ ਤੋਂ ਪਿੱਛੋਂ ਅਤੇ ਪਹਿਲਾਂ ਦੀ ਪ੍ਰਤਿਕਿਰਿਆ ਦਰਸਾਉਂਦੀ ਹੈ ਕਿ ਇੱਕ ਨਿਵੇਕਲੀ ਘਟਨਾ ਦੀ ਥਾਂ, ਪੰਜਾਬ ਸ਼ਾਸਨ ਵੱਲੋਂ ਅਜਿਹੀ ਸਾਜਸ਼ ਨੂੰ ਦਬਾਉਣ ਲਈ ਸੋਚੀ-ਸਮਝੀ ਯੋਜਨਾਂ ਦਾ ਨਤੀਜਾ ਸੀ (Source: Cell, John W (2000), Hailey: A Study in British Imperialism, 1872-1969, Cambridge University). ਕਿਹਾ ਜਾਂਦਾ ਹੈ ਕਿ James Houssemayne Du Boulay (ਜੇਮਜ ਹਾਉਸੇਮਾਇਨੇ ਡੂ ਬਾਉਲੇ) ਨੇ ਪੰਜਾਬ ਵਿੱਚ ਵਧ ਰਹੇ ਤਣਾਅ-ਪੂਰਨ ਹਾਲਾਤ ਵਿੱਚ ਉਠ ਰਹੇ ਗ਼ਦਰ ਦੇ ਡਰ ਅਤੇ ਅੰਮ੍ਰਿਤਸਰ ਵਿੱਚ ਹੋਏ ਕਤਲਾਮ ਵਿੱਚ ਸਿੱਧਾ ਸਬੰਧ ਦੱਸਿਆ ਹੈ (Source: Brown, Emily (1973), (in Book Reiwes; South Asia ), The Journal of Asian Studies, Vol. 32, No.3 (May, 1973),pp.522-523).

ਅਪ੍ਰੈਲ 10, 1919 ਦੇ ਦਿਨ ਭਾਰਤ ਦੇ ਉਤਰ-ਪੱਛਮੀ ਖੇਤ੍ਰ ਦੇ ਵਿਸ਼ਾਲ ਸੂਬੇ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਨਿਵਾਸ ਅੱਗੇ ਬਹੁਤ ਵੱਡਾ ਰੋਸ-ਦਿਖਾਵਾ ਸੀ।ਇਹ ਦਿਖਾਵਾ ਭਾਰਤ ਦੀ ਸੁਤੰਤ੍ਰਤਾ-ਲਹਿਰ ਦੇ ਦੋ ਮਸ਼ਹੂਰ ਨੇਤਾ ਸਤਿਅਪਾਲ ਅਤੇ ਸੈਫੁਦੀਨ ਕਿਚਲੂ ਦੀ ਰਿਹਾਈ ਦੀ ਮੰਗ ਵਾਸਤੇ ਸੀ। ਫੌਜੀ ਕੁਮਕ ਨੇ ਭੀੜ ਉਤੇ ਗੋਲੀ ਚਲਾ ਦਿੱਤੀ ਜਿਸ ਨਾਲ ਕਈ ਦਿਖਾਵਾ-ਕਾਰੀ ਮਾਰੇ ਗਏ।ਇਸ ਗੋਲੀ-ਕਾਂਡ ਕਾਰਨ ਕਈ ਹਿੰਸਕ ਘਟਨਾਵਾਂ ਵਾਪਰ ਗਈਆਂ। ਉਸੇ ਦਿਨ ਬਾਅਦ ਵਿੱਚ , ਕਈ ਬੈਂਕ ਅਤੇ ਹੋਰ ਸਰਕਾਰੀ ਇਮਾਰਤਾਂ ਜਿਵੇਂ ਟਾਊਨ ਹਾਲ ਅਤੇ ਰੇਲਵੇ ਸਟੇਸ਼ਨ ਤੇ ਹਮਲਾ ਕੀਤਾ ਗਿਆ ਅਤੇ ਅੱਗਾਂ ਲਾਈਆਂ ਗਈਆਂ।ਹਿੰਸਾ ਬਹੁਤ ਭੜਕ ਗਈ ਜਿਸ ਦੇ ਨਤੀਜੇ ਵੱਜੋਂ ਘੱਟੋ-ਘੱਟ ਪੰਜ ਯੂਰਪੀਨ, ਜਿਹਨਾਂ ਵਿੱਚ ਸਰਕਾਰੀ ਨੌਕਰ ਅਤੇ ਨਾਗਰਿਕ ਸ਼ਾਮਲ ਸਨ, ਮਾਰੇ ਗਏ। ਦਿਨ ਵਿੱਚ ਫੌਜ ਵੱਲੋਂ ਕਈ ਵਾਰ

ਭੀੜ ਉਤੇ ਬਦਲੇ ਵਿੱਚ ਗੋਲੀ ਚਲਾਈ ਗਈ, ਅਤੇ ਅੱਠ ਤੋਂ ਵੀਹ ਲੋਕ ਮਾਰੇ ਗਏ। ਅਗਲੇ ਦੋ ਦਿਨ ਤੱਕ, ਅੰਮ੍ਰਿਤਸਰ ਸ਼ਹਿਰ ਚੁੱਪ ਸੀ,ਪਰ ਪੰਜਾਬ ਦੇ ਦੂਜੇ ਸ਼ਹਿਰਾਂ ਵਿੱਚ ਹਿੰਸਾ ਜਾਰੀ ਰਹੀ।ਰੇਲਵੇ ਲਾਈਨਾਂ ਕੱਟੀਆਂ ਗਈਆਂ, ਟੈਲੀਗਰਾਫ ਪੋਸਟਾਂ ਤਬਾਹ ਕੀਤੀਆਂ ਗਈਆਂ, ਅਤੇ ਸਰਕਾਰੀ ਇਮਾਰਤਾਂ ਜਲਾ ਦਿੱਤੀਆਂ। ਤਿੰਨ ਯੂਰਪੀਨ ਕਤਲ ਕਰ ਦਿੱਤੇ। 13 ਅਪ੍ਰੈਲ ਤੱਕ ਬ੍ਰਿਟਿਸ਼ ਸਰਕਾਰ ਨੇ ਪੰਜਾਬ ਦੇ ਬਹੁਤੇ ਹਿੱਸੇ ਵਿੱਚ ਮਾਰਸ਼ਲ-ਲਾਅ ਲਾਗੂ ਕਰਨ ਦਾ ਫ਼ੈਸਲਾ ਕਰ ਲਿਆ। ਵਿਧਾਨਕਾਰੀ ਨੇ ਨਾਗਰਕ ਆਜ਼ਾਦੀ ਨੂੰ ਸੀਮਤ ਕਰ ਦਿੱਤਾ ਜਿਵੇਂ ਇਕੱਠ ਕਰਨ ਦੀ ਆਜ਼ਾਦੀ।ਚਾਰ ਤੋਂ ਵੱਧ ਬੰਦੇ ਇਕੱਠੇ ਹੋਣ ਤੇ ਰੋਕ ਲਾ ਦਿੱਤੀ। (Source:Townshed, Britains Civil Wars, p137). 13 ਅਪ੍ਰੈਲ ਵਿਸਾਖੀ ਦੇ ਪ੍ਰੰਪਰਕ ਦਿਹਾੜੇ ਤੇ ਹਿੰਦੂ, ਸਿੱਖ, ਮੁਸਲਮਾਨ ਹਰਿਮੰਦਰ ਸਾਹਿਬ ਦੇ ਨੇੜੇ ਜਲ੍ਹਿਆਂ ਵਾਲੇ ਬਾਗ਼ ਵਿੱਚ ਇਕੱਠੇ ਹੋ ਗਏ।ਮੀਟਿੰਗ ਦੇ ਮਿੱਥੇ ਸਮੇ ਸ਼ਾਮ ਦੇ 4.30 ਤੇ ਸ਼ੁਰੂ ਹੋਣ ਦੇ ਇੱਕ ਘੰਟੇ ਬਾਅਦ, ਬ੍ਰਿਗੇਡੀਅਰ-ਜਨਰਲ ਰੈਗਿਨਲਡ ਡਾਇਰ (Reginald Dyer), 65 ਗੋਰਖੇ ਅਤੇ 25 ਬਲੋਚ ਫੌਜੀਆਂ ਨਾਲ ਬਾਗ਼ ਵਿੱਚ ਆਇਆ। ਉਹਨਾਂ ਵਿੱਚੋਂ 50 ਕੋਲ ਰਾਈਫਲਾਂ  ਸੀ।ਡਾਇਰ ਦੋ ਹਥਿਆਰਬੰਦ ਕਾਰਾਂ ਲਿਆਇਆ ਜਿਨ੍ਹਾਂ ਵਿੱਚ ਮਸ਼ੀਨਗਨਾਂ ਲੱਦੀਆਂ ਹੋਈਆਂ ਸੀ ਪਰ ਵਾਹਨ ਬਾਹਰ ਛੱਡ ਦਿੱਤੇ ਕਿਉਂਕਿ ਉਹ ਤੰਗ ਲਾਂਘੇ ਵਿੱਚੋਂ ਅੰਦਰ ਨਹੀਂ ਸੀ ਆ ਸਕਦੇ। ਜਲ੍ਹਿਆਂ ਵਾਲਾ ਬਾਗ਼ ਚਾਰੇ ਪਾਸੇ ਤੋਂ ਘਰਾਂ ਅਤੇ ਇਮਾਰਤਾਂ ਨਾਲ ਘਿਰਿਆ ਹੋਇਆ ਸੀ ਅਤੇ ਕੁੱਝ ਬਹੁਤ ਹੀ ਤੰਗ ਲਾਂਘੇ ਸਨ ਜਿਨ੍ਹਾਂ ਵਿੱਚ ਬਹੁਤਿਆਂ ਨੂੰ ਪੱਕੇ ਤੌਰ ਤੇ ਤਾਲੇ ਲਾਏ ਹੋਏ ਸੀ।ਮੁੱਖ ਲਾਂਘਾ ਔਸਤਨ ਖੁਲ੍ਹਾ ਸੀ, ਪਰ ਉਸ ਤੇ ਫੋਜੀਆਂ ਦਾ ਪਹਿਰਾ ਸੀ ਜਿਨ੍ਹਾਂ ਦੇ ਪਿੱਛੇ ਹਥਿਆਰਬੰਦ ਵਾਹਨ ਸਨ। ਜਨਰਲ ਡਾਇਰ ਨੇ ਭੀੜ ਨੂੰ ਖਿੰਡ ਜਾਣ ਲਈ ਕੋਈ ਵੀ ਚੇਤਵਨੀ ਦਿੱਤੇ ਵਗੈਰ, ਮੁੱਖ ਲਾਂਘਾ ਰੋਕ ਦਿੱਤਾ।ਇਸ ਕਾਰੇ ਲਈ ਉਸਨੇ ਪਿੱਛੋਂ ਸਫਾਈ ਦਿੱਤੀ, "was not to disperse the meeting but to punish the Indians for disobedience". (Source: Nigel Collett (2007),; The Butcher of Amritsar: General Reginald Dyer pp 255-58). ਡਾਇਰ ਨੇ ਆਪਣੇ ਫ਼ੌਜੀਆਂ ਨੂੰ ਸੰਘਣੀ ਭੀੜ ਤੇ (ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ) ਗੋਲੀ ਚਲਾਉਣ ਦਾ ਹੁਕਮ ਦਿੱਤਾ।ਤਕਰੀਬਨ ਦਸ ਮਿੰਟ ਤੱਕ ਗੋਲਾਬਾਰੀ ਚਾਲੂ ਰਹੀ। ਗੋਲੀਬੰਦੀ ਦਾ ਹੁਕਮ ਉਦੋਂ ਕੀਤਾ ਜਦੋਂ ਤਕਰੀਬਨ 1650 ਰਾਊਂਡ ਖਰਚ ਹੋ ਗਏ ਸੀ ਅਤੇ ਬਰੂਦ-ਸਿੱਕਾ ਤਕਰੀਬਨ ਮੁੱਕ ਗਿਆ ਸੀ। (Source: Same,pp 266,337). ਇਸ ਗੋਲੀ-ਕਾਂਡ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਬਾਰੇ ਝਗੜਾ ਹੈ।ਕਤਲਾਮ ਦੀ ਬ੍ਰਿਟਿਸ਼ ਜਾਂਚ ਅਨੁਸਾਰ ਸਰਕਾਰੀ ਗਿਣਤੀ 379 ਮੌਤਾਂ ਦੀ ਹੈ, ਜਾਂਚ ਲਈ ਅਪਣਾਏ ਢੰਗ ਦੀ ਵੀ ਅਲੋਚਨਾ ਕੀਤੀ ਗਈ।(Source: Hunter Report, p 116-117). ਇਸ ਦੇ ਨਾਲ ਹੀ , ਪੰਜਾਬ ਦੇ ਇੱਕ ਉਚ-ਸਿਵਲ ਅਧਿਕਾਰੀ ਦੀ ਕਮੇਟੀ ਵੱਲੋਂ ਕੀਤੀ ਇੰਟਰਵਿਊ ਅਨੁਸਾਰ ਅਸਲ ਗਿਣਤੀ ਕਿਤੇ ਜ਼ਿਆਦਾ ਸੀ।

(ਸ) ਕਾਮਾਗਾਟਾ ਮਾਰੂ (ਬਜ ਬਜ ਘਾਟ):-ਕਾਮਾਗਾਟਾ ਮਾਰੂ ਦੀ ਘਟਨਾ ਵਿੱਚ ਜਪਾਨ ਦਾ ਸਟੀਮਸ਼ਿਪ (ਸਮੁੰਦਰੀ ਬੇੜਾ), ਕਾਮਾਗਾਟਾ ਮਾਰੂ ਸ਼ਾਮਲ ਹੈ, ਜਿਹੜਾ ਹਾਂਗ ਕਾਂਗ ਤੋਂ ਸ਼ਿੰਘਾਈ, ਚੀਨ; ਯੋਕੋਹਾਮਾ, ਜਪਾਨ ਅਤੇ ਫਿਰ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਲਈ ਸੰਨ 1914 ਵਿੱਚ ਹਿੰਦੋਸਤਾਨ, ਪੰਜਾਬ ਦੇ 376 ਯਾਤ੍ਰੀ ਲੈਕੇ ਚੱਲਿਆ।356 ਯਾਤ੍ਰੀਆਂ ਨੂੰ ਕੈਨੇਡਾ ਉਤਰਨ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਬੇੜੇ ਨੂੰ ਭਾਰਤ ਪਰਤਣ ਲਈ ਮਜ਼ਬੂਰ ਕੀਤਾ।(Source: Johnston, Huge J.M., The Voyage of the Kamagata Maru: the Sikh challenge to Canada's Colour Bar. Vancouver: University of British Colubia Press. 1989, pp. 81, 83.)

ਇਹਨਾਂ ਯਾਤ੍ਰੀਆਂ ਵਿੱਚ 340 ਸਿੱਖ, 24 ਮੁਸਲਮਾਨ, 12 ਹਿੰਦੂ ਸਨ ਜੋ ਸਾਰੇ ਹੀ ਬ੍ਰਿਟਿਸ਼ ਰਾਜ ਦੀ ਪਰਜਾ ਸਨ। ਇਹ ਵੀਹਵੀਂ ਸਦੀ ਦੇ ਮੁਢਲੇ ਇਤਿਹਾਸ ਦੀਆਂ ਉਹਨਾਂ ਕਈ ਘਟਨਾਵਾਂ ਵਿੱਚੋਂ ਇੱਕ ਸੀ, ਜਿਸ ਵਿੱਚ ਕੈਨੇਡਾ ਅਤੇ ਅਮਰੀਕਾ ਵਿੱਚ ਸਿਰਫ ਏਸ਼ੀਅਨ ਮੂਲ ਦੇ ਲੋਕਾਂ ਦੇ ਆਵਾਸ ਨੂੰ ਰੋਕਣ ਲਈ ਕੱਢਣ ਵਾਲੇ ਕਾਨੂੰਨ ਸ਼ਾਮਲ ਸੀ। ਇਸ ਨੂੰ ਕੈਨੇਡਾ ਦੇ ਕੰਢਿਆਂ ਤੇ ਲੰਗਰ ਸੁੱਟਣ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਹਿੰਦੁਸਤਾਨ ਨੂੰ ਵਾਪਸ ਭੇਜ  ਦਿੱਤਾ। ਕਾਮਾਗਾਟਾ ਮਾਰੂ 27 ਸਤੰਬਰ ਨੂੰ ਕਲਕੱਤਾ ਪਹੁੰਚ ਗਿਆ।ਬੰਦਰਗਾਹ ਵਿੱਚ ਦਾਖਲ ਹੋਣ ਤੇ, ਬ੍ਰਿਟਿਸ਼ ਗਨ ਬੋਟ ਨੇ ਜ਼ਹਾਜ ਨੂੰ ਰੋਕ ਲਿਆ, ਅਤੇ ਯਾਤ੍ਰੀਆਂ ਤੇ ਪਹਿਰਾ ਲਾ ਦਿੱਤਾ।ਬ੍ਰਿਟਿਸ਼ ਰਾਜ ਦੀ ਸਰਕਾਰ ਨੂੰ ਕਾਮਾਗਾਟਾ ਮਾਰੂ ਤੇ ਨਾ ਸਿਰਫ ਸਵੈ-ਇਕਬਾਲੀਆ ਕਾਨੂੰਨ ਤੋੜਨ ਵਾਲੇ ਹੀ, ਸਗੋਂ ਰਾਜਨੀਤਕ ਅੰਦੋਲਨਕਾਰੀ ਨਜ਼ਰ ਆਏ।ਜਦੋਂ ਜਹਾਜ ਬਜ ਬਜ ਘਾਟ ਤੇ ਲੱਗਿਆ, ਤਾਂ ਪੁਲੀਸ ਬਾਬਾ ਗੁਰਦਿੱਤ ਸਿੰਘ ਅਤੇ 20 ਜਾਂ ਏਨੇ ਕੁ ਹੋਰਨਾਂ ਨੂੰ ਗਿਰਫਤਾਰ ਕਰਨ ਆਈ ਜੋ ਉਸਨੂੰ ਲੀਡਰ ਜਾਪਦੇ ਸੀ। ਉਸਨੇ ਵਿਰੋਧਤਾ ਕੀਤੀ ਅਤੇ ਉਸ ਦੇ ਇੱਕ ਸਾਥੀ ਨੇ ਪੁਲਸੀਏ ਤੇ ਹਮਲਾ ਕਰ ਦਿੱਤਾ ਅਤੇ ਆਮ ਹੱਲਾ-ਗੁੱਲਾ ਹੋ ਗਿਆ। ਗੋਲੀ ਚਲਾਈ ਗਈ ਜਿਸ ਵਿੱਚ 19 ਯਾਤ੍ਰੀ ਮਾਰੇ ਗਏ। ਕੁੱਝ ਬਚ ਕੇ ਨਿਕਲ ਗਏ, ਪ੍ਰੰਤੂ ਬਾਕੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਸੁੱਟ ਦਿੱਤਾ ਜਾਂ ਉਹਨਾਂ ਦੇ ਪਿੰਡਾਂ ਨੂੰ ਭੇਜ ਦਿੱਤਾ ਅਤੇ ਪਿੰਡਾਂ ਵਿੱਚ ਪਹਿਲੀ

ਸੰਸਾਰ ਜੰਗ ਦੇ ਸਮੇ ਤੱਕ ਨਜ਼ਰਬੰਦ ਰੱਖਿਆ। ਇਸ ਘਟਨਾ ਨੂੰ ਬਜ ਬਜ ਘਾਟ ਦਾ ਹੱਲਾ ਕਰਕੇ ਜਾਣਿਆ ਜਾਂਦਾ ਹੈ। ਇਸ ਦਾ ਨੇਤਾ ਬਾਬਾ ਗੁਰਦਿੱਤ ਸਿੰਘ ਸੰਧੂ ਬਚ ਨਿਕਲਣ ਵਿੱਚ ਸਫਲ ਹੋ ਗਿਆ ਅਤੇ 1922 ਤੱਕ ਲੁਕ ਕੇ ਰਿਹਾ। ਕੁੱਝ ਸਾਲ ਬਾਅਦ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਪੰਜ ਸਾਲ ਦੀ ਕੈਦ ਹੋਈ।

(ਸ) ਗੁਰੂ ਕਾ ਬਾਗ਼ ਮੋਰਚਾ:-ਮਾਸਟਰ ਤਾਰਾ ਸਿੰਘ ਨੂੰ ਸਤੰਬਰ 1922 ਨੂੰ 'ਗੁਰੂ ਕਾ ਬਾਗ਼ ਮੋਰਚਾ' ਵਿੱਚ ਦੁਬਾਰਾ ਗ੍ਰਿਫਤਾਰ ਕਰ ਲਿਆ ਗਿਆ। ਜਦੋਂ ਸਰਕਾਰ ਨੇ 'ਚਾਬੀਆਂ ਦਾ ਮੋਰਚਾ' ਤੋਂ ਬਾਅਦ ਅਕਾਲੀਆਂ ਨੂੰ ਅਪਮਾਨਤ ਕਰਨ ਲਈ ਦਮਨਕਾਰੀ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ, 'ਗੁਰੂ ਕਾ ਬਾਗ਼' ਗੁਰਦੁਆਰੇ ਦੇ ਮਹੰਤ ਸੁੰਦਰਦਾਸ ਨੇ ਇੱਕ ਸਾਲ ਚੁੱਪ ਰਹਿਣ ਤੋਂ ਬਾਅਦ ਦੁਬਾਰਾ ਆਪਣੇ ਪੁਰਾਣੇ ਤੌਰ-ਤਰੀਕੇ ਸ਼ੁਰੂ ਕਰ ਲਏ। ਅਗਸਤ 9, ਸੰਨ 1922 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ, ਜਿਹਨਾਂ ਨੇ ਗੁਰਦੁਆਰੇ ਦੇ ਨਾਲ ਲਗਦੀ ਜ਼ਮੀਨ ਵਿੱਚੋਂ ਲੰਗਰ ਵਾਸਤੇ ਲੱਕੜਾਂ ਕੱਟੀਆਂ ਸੀ, ਨੂੰ ਗ੍ਰਿਫਤਾਰ ਕਰ ਲਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰ ਰੋਜ਼ ਪੰਜ ਪੰਜ ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ 'ਗੁਰੂ ਕਾ ਬਾਗ਼' ਲਈ ਭੇਜਣਾ ਸ਼ੁਰੂ ਕਰ ਦਿੱਤਾ।25 ਅਗਸਤ ਤੱਕ 200 ਤੋਂ ਵੱਧ ਅਕਾਲੀ ਗ੍ਰਿਫਤਾਰ ਹੋ ਗਏ।ਹਰ ਇੱਕ ਜਥੇ ਨੂੰ ਸਖ਼ਤ ਹਦਾਇਤ ਕੀਤੀ ਜਾਂਦੀ ਸੀ ਕਿ ਸ਼ਾਂਤ ਰਹਿਣਾ ਹੈ ਅਤੇ ਪੁਲੀਸ ਵੱਲੋਂ ਕੀਤੇ ਜਾਣ ਵਾਲੀ ਹਰ ਸਖ਼ਤੀ ਅਤੇ ਧੱਕੇ ਨੂੰ ਬਿਨਾਂ ਕਿਸੇ ਜਵਾਬੀ ਕਾਰਵਾਈ ਦੇ ਬਰਦਾਸ਼ਤ ਕਰਨਾ ਹੈ। 26 ਅਗਸਤ 1922 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਠ ਮਹਤਵਪੂਰਨ ਨੇਤਾ, ਸਮੇਤ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਦੇ ਗ੍ਰਿਫਤਾਰ ਕਰ ਲਏ ਗਏ, ਜਦੋਂ ਉਹ ਗੁਰਦੁਆਰਾ 'ਗੁਰੂ ਕਾ ਬਾਗ਼' ਵਿਖੇ ਇੱਕ ਮੀਟਿੰਗ ਕਰਨ ਦੀ ਕੋਸ਼ਿਸ਼ ਕਰ ਰਹੇ ਸੀ। ਸਿਰਫ਼ ਪੁਲੀਸ ਦਾ ਬੇਹੱਦ ਜ਼ੁਲਮਾਨਾ ਦਮਨ ਸਹਿਣ ਕਰਨ ਲਈ, ਅਕਾਲੀ ਵਲੰਟੀਅਰਾਂ ਨੇ 80, 100, ਇੱਥੋਂ ਤੱਕ ਕਿ 200 ਦੀ ਗਿਣਤੀ ਵਿੱਚ ਜਥੇ ਬਣਾ ਕੇ ਅੰਮ੍ਰਿਤਸਰ ਪਹੁੰਚਣਾਂ ਅਤੇ ਅਕਾਲ ਤਖ਼ਤ ਤੋਂ ਗੁਰੂ ਕਾ ਬਾਗ਼ ਤੱਕ ਕੂਚ ਕਰਨਾ ਜ਼ਾਰੀ ਰੱਖਿਆ। ਅਕਤੂਬਰ 19 ਤੱਕ, ਗ੍ਰਿਫਤਾਰ ਕੀਤੇ ਗਏ ਅਕਾਲੀਆਂ ਦੀ ਗਿਣਤੀ 2,450 ਤੱਕ ਪਹੁੰਚ ਗਈ।

(ਹ) ਜੈਤੋ ਦਾ ਮੋਰਚਾ:-ਇਸ ਲਹਿਰ ਦੀ ਅਗਲੀ ਅਤੇ ਆਖ਼ਰੀ ਲੜਾਈ ਗੁਆਂਢੀ ਰਿਆਸਤ ਨਾਭਾ ਵਿੱਚ ਲੜੀ ਗਈ। ਇਸ ਮੋਰਚੇ ਦਾ ਫੌਰੀ ਕਾਰਨ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀਓਂ ਲਾਹੁਣਾ ਸੀ। 9 ਜੁਲਾਈ, 1923 ਦੇ 'ਅਕਾਲੀ-ਤੇ-ਪ੍ਰਦੇਸੀ' ਅਖ਼ਬਾਰ ਵਿੱਚ ਮਾਸਟਰ ਤਾਰਾ ਸਿੰਘ ਨੇ ਮਹਾਰਾਜਾ ਰਿਪੁਦਮਨ ਸਿੰਘ ਦੀ ਰਾਜ-ਸ਼ਕਤੀ ਖੋਹ ਲੈਣ ਤੇ ਬਹੁਤ ਹੀ ਭਾਵੁਕ ਲੇਖ ਲਿਖਿਆ, ਜੋ ਇਸ ਤਰ੍ਹਾਂ ਹੈ:-

"ਪੰਥ ਦੇ ਪਿਆਰਿਓ, ਕੀ ਤੁਸੀਂ ਮਹਾਰਾਜਾ ਦਲੀਪ ਸਿੰਘ ਦੇ ਸਰਪਰਸਤਾਂ ਨੂੰ ਨਾਭਾ ਦੇ ਟਿੱਕਾ ਸਾਹਿਬ ਦੀ ਜ਼ਿੰਮੇਵਾਰੀ ਸਾਂਭਣ ਦੀ ਆਗਿਆ ਦਿਉਗੇ? ਉਠੋ, ਦੀਵਾਨ ਲਾਉ ਅਤੇ ਭਾਸ਼ਨ ਦੇਵੋ। ਹਰ ਸਿੱਖ ਸਭਾ ਨੂੰ ਇਸ ਵਿਸਾਹਘਾਤ ਅਤੇ ਧੋਖੇ ਦੇ ਖ਼ਿਲਾਫ ਅੰਦੋਲਨਾਂ ਦਾ ਤੂਫਾਨ ਖੜ੍ਹਾ ਕਰ ਦੇਣਾ ਚਾਹੀਦਾ ਹੈ- ਠਹਿਰੋ ਨਾ, ਨਿਰਭੈ ਹੋਵੋ ਅਤੇ ਅੱਗੇ ਆਉ"।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮਾਮਲੇ ਨੂੰ ਆਪਣੇ ਹੱਥ ਵਿੱਚ ਲੈਣ ਅਤੇ ਅਗਸਤ 1923 ਦੇ ਪਹਿਲੇ ਹਫਤੇ ਮਤਾ ਪਾਸ ਕਰਨ ਵਿੱਚ ਮਾਸਟਰ ਤਾਰਾ ਸਿੰਘ ਸਾਧਨ ਬਣਿਆ ਕਿ ਨਾਭਾ ਨਾਲ ਹੋਈ ਵਧੀਕੀ ਨੂੰ ਦਰੁਸਤ ਕਰਨ ਲਈ ਹਰ ਕਾਨੂੰਨੀ ਅਤੇ ਸ਼ਾਤਮਈ ਸਾਧਨ ਵਰਤਿਆ ਜਾਵੇ। ਮਹਾਰਾਜੇ ਦੀ ਬਹਾਲੀ ਲਈ ਅਰਦਾਸ ਕਰਨ ਲਈ ਅੰਦੋਲਨ ਦੀ ਕੜੀ ਵੱਜੋਂ ਨਾਭਾ ਰਿਆਸਤ ਦੇ ਜੈਤੋ ਦੇ ਗੁਰਦੁਆਰੇ ਵਿੱਚ ਅਖੰਡ ਪਾਠ ਰੱਖਿਆ ਗਿਆ। ਨਾਭੇ ਦੀ ਪੁਲਿਸ ਨੇ ਗੁਰਦੁਆਰੇ ਵਿੱਚ ਦਾਖਲ ਹੋਕੇ ਅਕਾਲੀ ਵਰਕਰਾਂ ਅਤੇ ਪਾਠੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।ਇਸ ਤਰ੍ਹਾਂ ਅਖੰਡਪਾਠ ਵਿੱਚ ਵਿਘਨ ਪੈ ਗਿਆ।ਮੋਰਚਾ ਸ਼ੁਰੂ ਕਰ ਦਿੱਤਾ ਗਿਆ ਅਤੇ ਅੰਮ੍ਰਿਤਸਰ ਤੋਂ ਜਥੇ ਜੈਤੋ ਪਹੁੰਚਣ ਲੱਗ ਪਏ, ਜਿਨ੍ਹਾਂ ਨੂੰ ਜੈਤੋ ਪਹੁੰਚਣ ਦੀ ਆਗਿਆ ਨਾ ਦਿੱਤੀ ਜਾਂਦੀ ਅਤੇ ਪੰਹੁਚਣ ਤੇ ਗ੍ਰਿਫਤਾਰ ਕਰ ਲਿਆ ਜਾਂਦਾ। ਜਥਿਆਂ ਦਾ ਜੈਤੋ ਵੱਲ ਮਾਰਚ ਕਰਕੇ ਗ੍ਰਿਫਤਾਰੀਆਂ ਦੇਣਾ ਜ਼ਾਰੀ ਰਿਹਾ।ਅਜਿਹੇ ਹੀ ਇੱਕ ਜਥੇ ਤੇ ਨਾਭਾ ਪੁਲਿਸ ਨੇ 21 ਫਰਵਰੀ, 1924 ਨੂੰ ਗੋਲੀ ਚਲਾਈ ਜਿਸ ਵਿੱਚ 40 ਸਿੱਖ ਸ਼ਹੀਦ ਹੋ ਗਏ।ਸਰਕਾਰੀ ਤਫਤੀਸ਼ ਵਿੱਚ ਜੈਤੋ ਗੋਲੀ ਕਾਂਡ ਲਈ ਪੁਲਿਸ ਨੂੰ ਦੋਸ਼-ਮੁਕਤ ਕਰਾਰ ਦੇ ਦਿੱਤਾ ਗਿਆ ਅਤੇ ਜਥੇ ਨੂੰ ਸਮੱਸਿਆ ਪੈਦਾ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਜਥੇ ਦੇ ਮੈਂਬਰਾਂ ਨੂੰ ਸਤਾਇਆ ਗਿਆ ਅਤੇ ਜੇਲ੍ਹ ਦੀ ਲੰਬੀ ਸਜਾ ਦਿੱਤੀ ਗਈ।(Source: Master Tara Singh's autobiography Meri Yaad).

ਮਾਸਟਰ ਤਾਰਾ ਸਿੰਘ ਨੇ 'ਮੇਰੀ ਯਾਦ' ਨਾਮਕ ਆਪਣੀ ਆਤਮ-ਕਥਾ ਵਿੱਚ ਇਸ ਝੂਠੇ ਦੋਸ਼ ਅਤੇ ਜਥੇ ਉਤੇ ਝੂਠੇ ਦੋਸ਼ਾਂ ਤਹਿਤ ਮੁਕੱਦਮੇ ਦੀ ਨਿਖੇਧੀ ਕੀਤੀ ਹੈ।ਉਸ ਨੇ ਕਿਹਾ ਹੈ ਕਿ, "ਉਹ ਗੋਲੀ ਕਾਂਡ ਤੇ ਏਨਾ ਨਾ-ਖੁਸ਼ ਨਹੀਂ ਹੈ ਜਿੰਨਾ ਉਸਨੂੰ ਸਰਕਾਰ ਦੇ ਝੂਠਾਂ ਤੇ ਅਫਸੋਸ ਹੈ"। 500 ਸਿੱਖਾਂ ਦੇ ਇੱਕ ਹੋਰ ਜਥੇ ਨੇ, ਸ਼ਹੀਦੀਆਂ ਪਾਉਣ ਦੀ ਪੂਰੀ ਇੱਛਾ ਲੈ

ਕੇ, ਅੰਮ੍ਰਿਤਸਰ ਤੋਂ ਜੈਤੋ ਵੱਲ ਕੂਚ ਕੀਤਾ। ਇਸ ਵਾਰ ਕੋਈ ਗੋਲੀ ਨਹੀਂ ਚਲਾਈ ਗਈ ਪਰ ਸਾਰੇ ਜਥੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੰਡੀਅਨ ਨੈਸ਼ਨਲ ਕਾਂਗਰਸ ਦੇ ਆਗੂਆਂ ਨੇ, ਜੋ 'ਨਾਭਾ ਕਾਂਡ' ਦੀ ਇਸ ਲਹਿਰ ਨੂੰ ਬੜੀ ਦਿਲਚਸਪੀ ਨਾਲ ਦੇਖ ਰਹੇ ਸੀ, ਰਸਮੀ ਤੌਰ ਤੇ ਸਾਰੇ ਮਾਮਲੇ ਨਾਲ ਹਮਦਰਦੀ ਜ਼ਾਹਰ ਕੀਤੀ ਅਤੇ ਸਰਕਾਰੀ ਕਾਰਵਾਈ ਨੂੰ ਨਿੰਦਿਆ। ਜਵਾਹਰਲਾਲ ਨਹਿਰੂ, ਏ.ਟੀ.ਗਿਡਵਾਨੀ ਅਤੇ ਕੇ.ਸਨਾਤਨਮ ਜਦੋਂ ਇਸ ਮਕਸਦ ਨਾਲ ਉਥੇ ਗਏ, ਤਾਂ ਉਹਨਾਂ ਨੂੰ ਰਿਆਸਤ ਦੀ ਹੱਦ ਅੰਦਰ ਦਾਖਲ ਹੁੰਦਿਆਂ ਹੀ ਗ੍ਰਿਫਤਾਰ ਕਰ ਲਿਆ ਅਤੇ ਸੀਖਾਂ ਪਿੱਛੇ ਕਰ ਦਿੱਤਾ। ਇਸ ਨੇ ਸਰਕਾਰ ਨੂੰ ਆਪਣੀ ਸਥਿਤੀ ਬਾਰੇ ਦੁਬਾਰਾ ਸੋਚਣ ਲਈ ਮਜਬੂਰ ਕਰ ਦਿੱਤਾ ਅਤੇ ਨਤੀਜੇ ਵੱਜੋਂ ਉਸਨੂੰ ਨਾਭਾ ਅਤੇ ਪੰਜਾਬ ਵਿੱਚ ਤਸ਼ੱਦਦ ਦੀ ਨੀਤੀ ਤਿਆਗਣੀ ਪਈ।ਨਾਭੇ ਵਿੱਚ 12 ਜਥਿਆਂ ਨਾਲ ਸਰਕਾਰ ਨਜਿੱਠ ਚੁੱਕੀ ਸੀ ਪ੍ਰੰਤੂ ਤੇਰ੍ਹਵੇਂ ਨੂੰ ਛੂਹਿਆ ਤੱਕ ਨਹੀਂ ਅਤੇ ਇਸ ਨੇ ਜੈਤੋ ਦੇ ਗੁਰਦੁਆਰੇ ਵੱਲ ਜੇਤੂ ਰੂਪ ਵਿੱਚ ਕੂਚ ਕੀਤਾ।ਕਿਸੇ ਰੁਕਾਵਟ ਤੋਂ ਵਗ਼ੈਰ ਦੁਬਾਰਾ ਅਖੰਡ ਪਾਠ ਕੀਤਾ ਗਿਆ।(Source: Harjinder Singh Dilgeer, SIKH TWAREEKH( Sikh History in Punjabi in 5 volumes), Sikh University Press, Belgium, 2007).

ਬ੍ਰਿਟਿਸ਼ ਰਾਜ ਵੱਲੋਂ ਤਸ਼ੱਦਦ ਰਾਹੀਂ ਭਾਰਤੀ ਜਨਤਾ ਨੂੰ ਡਰਾ ਕੇ ਰਾਜ ਲਈ ਸਤਿਕਾਰ ਪੈਦਾ ਕਰਕੇ ਰੱਖਣ ਦੀ ਨੀਤੀ ਨਾਲ ਜੁੜੀਆਂ ਅਨੇਕਾਂ ਘਟਨਾਵਾਂ ਵਿੱਚੋਂ ਇਹ ਕੁੱਝ ਕੁ ਮੁੱਖ ਘਟਨਾਵਾਂ, ਉਹ ਵੀ ਪੰਜਾਬ ਅਤੇ ਪੰਜਾਬੀਆਂ ਨਾਲ ਜੁੜੀਆਂ ਦਾ ਸੰਖੇਪ ਜ਼ਿਕਰ ਹੈ। ਡਾਕਟਰ ਰਘਬੀਰ ਸਿੰਘ ਨੇ ਆਪਣੇ ਲੇਖ "ਗ਼ਦਰ ਪਾਰਟੀ ਅਤੇ ਅਕਾਲੀ ਲਹਿਰ" ਵਿੱਚ ਲਿਖਿਆ ਹੈ, "1915 ਵਿਚ ਗ਼ਦਰ ਦੀ ਸਕੀਮ ਦੇ ਨਾਕਾਮ ਰਹਿਣ ਪਿੱਛੋਂ ਨਾ ਸਿਰਫ਼ ਪੰਜਾਬ ਵਿੱਚ, ਸਗੋਂ ਸਮੁੱਚੇ ਦੇਸ਼ ਵਿਚ ਹਕੂਮਤ ਨੇ ਪੂਰੀ ਤਰ੍ਹਾਂ ਦਹਿਸ਼ਤ ਫੈਲਾ ਦਿੱਤੀ ਸੀ।....ਬਸਤੀਵਾਦੀ ਹਕੂਮਤ ਨੇ ਜਬਰ ਦਾ ਕੋਈ ਵੀ ਐਸਾ ਸਾਧਨ ਨਹੀਂ ਸੀ ਛੱਡਿਆ ਜੋ ਹਿੰਦੁਸਤਾਨਆਂ ਨੂੰ ਦਬਾਅ ਕੇ ਰੱਖਣ ਲਈ ਵਰਤੋਂ ਵਿਚ ਲਿਆਉਣਾ ਜ਼ਰੂਰੀ ਹੋਵੇ"।ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਕਿਹੋ ਜਿਹੇ ਮਨੁੱਖੀ ਵਿਅਕਤਿਤਵ ਅਤੇ ਸਮਾਜ ਦੀ ਘਾੜਤ ਕਰਨ ਦੀ ਪ੍ਰੇਰਨਾ ਦਿੰਦਾ ਹੈ? ਇਹ ਅਗਲਾ ਪ੍ਰਸ਼ਨ ਹੈ। ਇਸ ਵਿਚਾਰਧਾਰਾ ਨੇ ਮਨੁੱਖ ਨੂੰ ਜਿਥੇ ਨਿਰਭਉ ਅਤੇ ਨਿਰਵੈਰ, ਮਨੁੱਖੀ ਬਰਾਬਰੀ ਵਾਲਾ ਵਿਤਕਰੇ-ਰਹਿਤ ਸਮਾਜ ਸਿਰਜਣ ਦੀ ਪ੍ਰੇਰਨਾ ਕੀਤੀ ਹੈ, ਉਥੇ ਹੀ ਮਨੁੱਖ ਨੂੰ ਇਸ ਆਦਰਸ਼ ਦੀ ਪ੍ਰਾਪਤੀ ਲਈ ਜ਼ੁਲਮ ਨਾਲ ਟੱਕਰ ਲੈਣੀ ਅਤੇ ਜੂਝਣਾ ਵੀ ਸਿਖਾਇਆ ਹੈ ਭਾਵੇਂ ਇਸ ਦੀ ਕੀਮਤ 'ਸਿਰ' ਦੇ ਕੇ ਹੀ ਕਿਉਂ ਨਾ ਚੁਕਾਉਣੀ ਪਵੇ।

### 3.Guru Granth Sahib on Fear & Hatred:-

ਸਿੱਖ ਧਰਮ ਇੱਕ ਇਲਹਾਮੀ ਧਰਮ ਹੈ ਜਿਸ ਦਾ ਪ੍ਰਕਾਸ਼ਨ ਗੁਰੂ ਨਾਨਕ ਦੇਵ ਜੀ ਦੇ 1499 ਈਸਵੀ ਵਿੱਚ 'ਵੇਈਂ ਨਦੀ ਪਰਵੇਸ਼' ਤੋਂ ਮੰਨਿਆ ਜਾਂਦਾ ਹੈ। ਇਸ ਦੇ ਵਿਸਤਾਰ ਵਿੱਚ ਜਾਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਭਾਈ ਗੁਰਦਾਸ ਨੇ ਇਸ ਨੂੰ 'ਪਹਿਲਾ ਬਾਬੇ ਪਾਯਾ ਬਖਸੁ ਦਰਿ' ਕਿਹਾ ਹੈ। ਸਿੱਖ ਧਰਮ ਦਾ ਇਲਹਾਮ ਬਾਣੀ ਦੇ ਰੂਪ ਵਿੱਚ ਹੋਇਆ ਜਿਸ ਦਾ ਮਾਧਿਅਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਨੂੰ ਪਰਵਾਨ ਕੀਤਾ ਗਿਆ ਹੈ।ਗੁਰੂ ਸਾਹਿਬਾਨ ਨੂੰ ਸਤਿ ਦਾ ਜੋ ਅਨੁਭਵ ਹੋਇਆ ਉਸਨੂੰ ਉਹਨਾਂ ਨੇ ਬਾਣੀ ਰਾਹੀਂ, ਸ਼ਬਦ ਰਾਹੀਂ ਪਰਗਟ ਕੀਤਾ। ਇਸੇ ਲਈ ਬਾਣੀ ਨੂੰ 'ਧੁਰਿ ਕੀ ਬਾਣੀ', 'ਰੱਬੀ ਬਾਣੀ' ਪ੍ਰਵਾਨ ਕੀਤਾ ਗਿਆ ਹੈ। ਸਿੱਖ ਇਲਹਾਮ ਦਾ ਪ੍ਰਕਾਸ਼ਨ ਬਾਨੀ ਗੁਰੂ ਨਾਨਕ ਦੇਵ ਤੋਂ ਦਸਵੇਂ ਅਤੇ ਆਖ਼ਰੀ ਸਰੀਰਕ ਗੁਰੂ ਗੋਬਿੰਦ ਸਿੰਘ ਤੱਕ ਇੱਕ ਲਗਾਤਰ ਅਮਲ ਹੈ। ਇਸੇ ਲਈ ਸਾਰੇ ਗੁਰੂ ਸਾਹਿਬਾਨ ਵਿੱਚ ਇੱਕੋ ਰੱਬੀ ਜੋਤਿ ਅਤੇ ਇੱਕੋ ਗੁਰੂ ਜੁਗਤਿ ਪ੍ਰਵਾਨ ਕੀਤੀ ਗਈ ਹੈ, "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ"।(ਪੰ.966)। ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਪੰਜ ਗੁਰੂਆਂ ਦੀ ਬਾਣੀ ਅਤੇ ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਅਤੇ ਹੋਰ ਗੁਰੂ ਸਾਹਿਬਾਨ ਵੱਲੋਂ ਇਕੱਤਰ ਕੀਤੀ ਹਿੰਦੂ ਵੈਸ਼ਨਵ ਭਗਤਾਂ, ਮੁਸਲਮਾਨ ਸੂਫੀ ਸੰਤਾਂ ਦੀ ਬਾਣੀ, ਜਿਨ੍ਹਾਂ ਦੀ ਵਿਚਾਰਧਾਰਾ ਸਿੱਖ ਧਰਮ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ,ਭੱਟਾਂ ਦੀ ਬਾਣੀ ਨੂੰ 'ਗ੍ਰੰਥ ਸਾਹਿਬ' ਦੇ ਰੂਪ ਵਿੱਚ ਸੰਕਲਨ ਅਤੇ ਸੰਪਾਦਨ ਕਰਕੇ 1604 ਈਸਵੀ ਨੂੰ ਹਰਮੰਦਰਿ ਸਾਹਿਬ ਵਿੱਚ ਪਹਿਲਾ ਪ੍ਰਕਾਸ਼ ਕੀਤਾ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਗੁਰੂ ਤੇਗ ਬਹਾਦਰ ਦੀ ਬਾਣੀ 'ਗ੍ਰੰਥ ਸਾਹਿਬ' ਵਿੱਚ ਸ਼ਾਮਲ ਕਰਕੇ ਬਕਾਇਦਾ ਪ੍ਰੰਪਰਾਗਤ ਵਿਧੀ ਅਨੁਸਾਰ, 1708 ਈਸਵੀ ਵਿੱਚ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ, ਗੁਰਗੱਦੀ ਸੌਂਪੀ ਅਤੇ ਖ਼ਾਲਸਾ ਪੰਥ ਨੂੰ ਸਰਬ ਸਮਿਆਂ ਵਾਸਤੇ ਸ਼ਬਦ ਗੁਰੂ ਤੋਂ ਅਗਵਾਈ ਲੈਣ ਦਾ ਆਦੇਸ਼ ਕੀਤਾ। ਇਸ ਤਰ੍ਹਾਂ ਸਿੱਖ ਧਰਮ ਚਿੰਤਨ ਦਾ ਮੂਲ ਸੋਮਾ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸਾਖੀਆਂ ਅਨੁਸਾਰ 'ਵੇਈਂ ਨਦੀ ਪ੍ਰਵੇਸ਼' ਤੋਂ ਬਾਅਦ ਗੁਰੂ ਨਾਨਕ ਸਾਹਿਬ ਨੇ ਜੋ ਪਹਿਲਾ ਐਲਾਨ ਨਾਮਾ ਕੀਤਾ, ਉਹ ਸੀ "ਨ ਕੋ ਹਿੰਦੂ, ਨ ਮੁਸਲਮਾਨ", ਜਿਸ ਦਾ ਅਰਥ ਹੈ ਕਿ ਮਨੁੱਖ ਨੂੰ ਵੰਡਿਆ ਨਹੀਂ ਜਾ ਸਕਦਾ ਕਿਉਂਕਿ ਮਨੁੱਖ ਜਗਦੀਸ਼ੇ ਅੰਸ਼ ਹੈ। ਇਸ ਸਿਧਾਂਤ ਦੀ ਪ੍ਰੋੜਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਭਲੀ ਭਾਂਤ ਸਪਸ਼ਟ ਹੋ ਜਾਂਦੀ ਹੈ। ਮੂਲ ਮੰਤਰ ਨੂੰ ਸਿੱਖ ਧਰਮ ਦਰਸ਼ਣ ਦਾ ਮੂਲ ਸਿਧਾਂਤ ਮੰਨਿਆ ਜਾਂਦਾ ਹੈ। ਮੂਲ ਮੰਤਰ ਜਪੁਜੀ

ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ੧ੴ ਤੋਂ 'ਗੁਰ ਪ੍ਰਸਾਦਿ' ਤੱਕ ਦੀ ਬਾਣੀ ਦਾ ਨਾਮ ਹੈ। ਮੂਲ ਮੰਤਰ ਵਿੱਚ ਅਧਿਆਤਮਵਾਦ ਦੇ ਕੇਂਦਰੀ ਸਿਧਾਂਤ ਦਾ ਤੱਤ ਕੱਢਿਆ ਹੋਇਆ ਹੈ। ਮੂਲ ਮੰਤਰ ਵਿੱਚ ਗੁਰੂ ਨਾਨਕ ਦੇਵ ਨੇ ਵਿਅਕਤੀਗਤ ਪਰਮਾਤਮਾ ਦੀ ਏਕਤਾ (unity) ਅਤੇ ਪਰਮ-ਸਤਿ ਦੀ ਅਵਿਅਕਤੀਗਤ ਅਦਵੈਦਤਾ ਦਾ ਵਰਨਣ ਕੀਤਾ ਹੈ। ਪਰਮ-ਸਤਿ ਦਾ ਵਿਅਕਤੀਗਤ ਸੁਭਾ ਜਿਵੇਂ ਕਰਤਾ ਪੁਰਖ ਅਤੇ ਇਸ ਦਾ ਅਦਵੈਤ ਸੁਭਾ ਹੀ ਇਸ ਦੀ ਨਿਯਮਤ ਏਕਤਾ ਹੈ। ਇਹ ਅਨੇਕਤਾ ਵਿੱਚ ਏਕਤਾ ਹੈ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਬਹੁ-ਰੂਪਤਾ ਵਿੱਚ ਸਮਰੂਪਤਾ ਹੈ ਜਿਸ ਦਾ ਸਿੱਖ ਅਧਿਆਤਮਵਾਦ ਵਿੱਚ ਕੇਂਦਰੀ ਮਹੱਤਵ ਰਿਹਾ ਹੈ। ਮੂਲ ਮੰਤਰ ਵਿੱਚ ਪਰਮ ਸਤਿ ਦਾ ਵਰਨਣ ਇਸ ਤਰ੍ਹਾ ਕੀਤਾ ਹੈ, "੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ"॥ ਇਥੇ ਇਹਨਾਂ ਗੁਣਾਂ ਦੀ ਵਿਆਖਿਆ ਜਾਂ ਵਿਸ਼ਲੇਸ਼ਣ ਵਿੱਚ ਨਾ ਪੈਂਦੇ ਹੋਏ, ਕਿਉਂਕਿ ਇਹ ਇਸ ਪਰਚੇ ਦਾ ਮੁੱਖ ਵਿਸ਼ਾ ਨਹੀਂ ਹੈ, ਸਿਰਫ ਇਹ ਕਹਿਣਾ ਚਾਹੁੰਦੀ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਜਿਸ ਕਿਸਮ ਦੇ ਇਸ਼ਟ ਨੂੰ ਮਨੁੱਖ ਧਿਆਉਂਦਾ ਹੈ ਉਸਦਾ ਵਿਅਕਤੀਤਵ ਉਹੋ ਜਿਹਾ ਹੀ ਬਣ ਜਾਦਾ ਹੈ, "ਜੈਸਾ ਸੇਵੈ ਤੈਸੋ ਹੋਇ"॥(ਪੰ.223)। ਦੇਖਣਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਕਿਹੋ ਜਿਹਾ ਕੀਮਤ ਸਿਧਾਂਤ ਦਿੱਤਾ ਹੈ ਅਤੇ ਇਸ ਕੀਮਤ ਸਿਧਾਂਤ ਨੇ ਸਿੱਖ ਦੀ ਸਖਸ਼ੀਅਤ ਦੀ ਕਿਹੋ ਜਿਹੀ ਘਾੜਤ ਘੜੀ ਹੈ ਜਿਸ ਨੇ ਗ਼ਦਰ ਪਾਰਟੀ ਲਹਿਰ ਦੇ ਰੂਪ ਵਿੱਚ ਉਸ ਨੂੰ ਮੁਲਕ ਦੀ ਅਜ਼ਾਦੀ ਵਾਸਤੇ ਪ੍ਰੇਰਿਆ।

(ੳ) :- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਸਮਾਜਿਕ ਬਰਾਬਰੀ ਦਾ ਸੰਕਲਪ:- ਬਾਣੀ ਅਨੁਸਾਰ ਅਕਾਲ ਪੁਰਖ ਇਸ ਸੰਸਾਰ ਦਾ ਕਰਤਾ ਪੁਰਖ ਹੈ ਅਤੇ ਇਸ ਸੰਸਾਰ ਦੀ ਰਚਨਾ ਉਸ ਨੇ ਆਪਣੇ ਆਪ ਤੋਂ ਕੀਤੀ ਹੈ। ਉਸ ਕਰਤਾ ਪੁਰਖ ਨੇ ਨਾ ਸਿਰਫ ਇਸ ਬ੍ਰਹਮੰਡ ਦੀ ਰਚਨਾ ਆਪਣੇ ਆਪ ਤੋਂ ਕੀਤੀ ਹੈ ਬਲਕਿ ਉਹ ਜੋਤਿ-ਸਰੂਪ ਹੋਕੇ ਆਪਣੀ ਸਾਰੀ ਰਚਨਾ ਵਿੱਚ ਵਿਆਪਕ ਹੈ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ"॥(ਪੰ.13)। ਸਾਰਾ ਸੰਸਾਰ ਉਸੇ ਦੀ ਜੋਤਿ ਨਾਲ ਪ੍ਰਕਾਸ਼ਿਤ ਹੈ ਇਸ ਲਈ ਸਾਰੇ ਮਨੁੱਖ ਬਰਾਬਰ ਹਨ। ਕੋਈ ਵੀ ਜ਼ਾਤਿ, ਜਨਮ, ਨਸਲ, ਵਰਣ, ਧਰਮ ਜਾਂ ਇਸਤ੍ਰੀ/ਪੁਰਸ਼ ਹੋਣ ਦੇ ਨਾਤੇ ਉਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ ਹੈ, ਸਭ ਬਰਾਬਰ ਹਨ।'ਸਤਿ' ਜਾਂ ਸਚਿ ਕਰਤਾ ਪੁਰਖ ਦਾ ਗੁਣ ਹੈ ਅਤੇ ਮਨੁੱਖ ਦੇ ਸਾਹਮਣੇ ਆਦਰਸ਼ ਸਤਿ ਨੂੰ ਅਨੁਭਵ ਕਰਨ ਦਾ ਰੱਖਿਆ ਹੈ ਜਿਸਨੂੰ ਜਪੁਜੀ ਵਿੱਚ 'ਕਿਵ ਸਚਿਆਰਾ ਹੋਈਐ' ਕਿਹਾ ਹੈ। ਇਸੇ ਨੂੰ ਗੁਰੂ ਅਮਰਦਾਸ ਨੇ ਆਪਣਾ ਮੂਲ ਪਛਾਨਣਾ ਕਿਹਾ ਹੈ, ਆਪਣੇ ਸ੍ਰੋਤ ਦਾ ਅਨੁਭਵ ਕਰਨ ਦਾ ਆਦੇਸ਼ ਕੀਤਾ ਹੈ, ਜਿਸ ਸ੍ਰੋਤ ਤੋਂ ਉਸਦਾ ਅਰੰਭ ਹੋਇਆ ਹੈ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ"॥(ਪੰ.441)। ਇਸ ਜੋਤਿ ਸਰੂਪ ਹੋਣ ਨੂੰ ਪਛਾਨਣਾ ਨਾ ਸਿਰਫ ਮਨੁੱਖ ਦਾ ਆਦਰਸ਼ ਹੈ, ਇਸ ਅਧਿਆਤਮਕ ਅਨੁਭਵ ਦਾ ਹੱਕ ਹਰ ਮਨੁੱਖ ਨੂੰ ਹੈ ਭਾਂਵੇਂ ਉਹ ਕਿਤੇ ਵੀ ਜਨਮਿਆ ਹੈ, ਇਸਤ੍ਰੀ ਹੈ ਜਾਂ ਪੁਰਸ਼ ਹੈ। ਗੁਰੂ ਨਾਨਕ ਸਾਹਿਬ ਦੇ ਇਸ ਸੰਸਾਰ ਤੇ ਪ੍ਰਕਾਸ਼ਨ ਵੇਲੇ ਸਮਾਜਿਕ ਨਾ-ਬਰਾਬਰੀ, ਊਚ-ਨੀਚ, ਧਾਰਮਿਕ ਅਤੇ ਰਾਜਨੀਤਕ ਅਧੋਗਤੀ ਕਾਰਨ ਸਮਾਜ ਦਾ ਕੀ ਹਾਲ ਸੀ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਸਪਸ਼ਟ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਤਿੰਨ ਪਰਮੁੱਖ ਏਜੰਸੀਆਂ ਦੀ ਪਛਾਣ ਕੀਤੀ ਗਈ ਹੈ ਜੋ ਮਨੁੱਖ ਦੀ ਮਨੁੱਖ ਰਾਹੀਂ ਲੁੱਟ-ਖਸੁੱਟ, ਸਮਾਜਿਕ ਗਿਰਾਵਟ, ਸਮਾਜਿਕ ਨਾ-ਬਰਾਬਰੀ ਲਈ ਜਿੰਮੇਵਾਰ ਸਨ। ਇਹ ਏਜੰਸੀਆਂ ਸਨ: ਧਾਰਮਿਕ ਆਗੂ ਅਰਥਾਤ ਪੁਜਾਰੀ ਜਮਾਤ, ਰਾਜੇ ਅਤੇ ਉਹਨਾਂ ਦੇ ਅਹਿਲਕਾਰ, ਬਾਹਰਲੇ ਹਮਲਾਵਰ। ਪੁਜਾਰੀ ਜਮਾਤ (ਬ੍ਰਾਹਮਣ) ਸਮਾਜਿਕ ਦਰਜ਼ਾਬੰਦੀ ਵਿੱਚ ਸਭ ਤੋਂ ਉੱਚੀ ਜ਼ਾਤਿ ਅਤੇ ਜਮਾਤ ਹੋਣ ਦੇ ਨਾਤੇ ਸਮਾਜ ਉਤੇ ਉਹਨਾਂ ਦਾ ਪ੍ਰਭਾਵ ਅਤੇ ਪਕੜ ਬਹੁਤ ਮਜ਼ਬੂਤ ਸੀ। ਧਾਰਮਿਕ ਗਿਆਨ, ਧਾਰਮਿਕ ਅਮਲ ਅਤੇ ਕਰਮ ਦਾ ਅਧਿਕਾਰ ਹੋਣ ਦੇ ਨਾਤੇ ਪੁਜਾਰੀ ਜਮਾਤ ਸਮਾਜ ਦਾ ਸੋਸਣ ਕਈ ਤਰ੍ਹਾ ਨਾਲ ਕਰ ਰਹੀ ਸੀ।ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਅਤੇ ਹੋਰ ਬਾਣੀਆਂ ਵਿੱਚ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚ ਦੱਸਿਆ ਹੈ ਕਿ ਬ੍ਰਾਹਮਣ (ਧਾਰਮਿਕ ਆਗੂ) ਧਾਰਮਿਕ ਪੁਸਤਕਾਂ ਦਾ ਪਾਠ ਅਤੇ ਸੰਧਿਆ ਦਾ ਉਚਾਰਣ ਮਹਿਜ ਇੱਕ ਰਸਮ ਵੱਜੋਂ ਕਰ ਰਿਹਾ ਹੈ। ਉਸ ਦੇ ਸਮਾਧੀ ਲਾਉਣ ਦੀ, ਬਗਲੇ ਦੇ ਇੱਕ ਟੰਗ ਭਾਰ ਸਮਾਧੀ ਸਥਿਤ ਹੋਣ ਦੇ ਅੰਦਾਜ਼ ਨਾਲ ਤੁਲਨਾ ਕੀਤੀ ਹੈ ਜੋ ਲੋਕਾਂ ਦੀ ਕੀਤੀ ਜਾਣ ਵਾਲੀ ਲੁੱਟ-ਕਸੁੱਟ ਵੱਲ ਸੰਕੇਤਕ ਹੈ।(ਪੰ.470)। ਪੁਜਾਰੀ ਜਮਾਤ ਅਤੇ ਸਾਸ਼ਕ ਜਮਾਤ ਵੱਲੋਂ ਇਸ ਕਿਸਮ ਦੇ ਪਖੰਡ ਅਤੇ ਲੋਕਾਂ ਦੇ ਸੋਸ਼ਣ ਦੀ ਉਦਾਹਰਣ ਦਿੰਦੇ ਦੱਸਿਆ ਹੈ ਕਿ ਇੱਕ ਪਾਸੇ ਗਊ ਤੇ ਬ੍ਰਾਹਮਣ ਨੂੰ ਕਰ ਲਾਉਂਦੇ ਹਨ ਅਤੇ ਦੂਜੇ ਪਾਸੇ ਗਊ ਦੇ ਗੋਬਰ ਨੂੰ ਪਵਿੱਤਰ ਸਮਝ ਕੇ ਉਸ ਦਾ ਪੋਚਾ ਲਾਉਂਦੇ ਹਨ। ਇੱਕ ਪਾਸੇ ਪੂਜਾ ਲਈ ਤੇੜ ਧੋਤੀ ਪਹਿਨੀ ਹੈ, ਮੱਥੇ ਤੇ ਟਿੱਕਾ ਹੈ, ਗਲ ਵਿੱਚ ਮਾਲਾ ਪਹਿਨ ਰੱਖੀ ਹੈ ਪਰ ਦੂਜੇ

ਪਾਸੇ ਮੁਸਲਮਾਨਾਂ ਤੋਂ ਪਦਾਰਥ ਲੈਕੇ ਖਾਂਦਾ ਹੈ, ਜਿਹਨਾਂ ਨੂੰ ਮਲੇਛ ਕਹਿੰਦਾ ਹੈ। ਅੰਦਰ ਵੜ ਕੇ ਪੂਜਾ ਕਰਦਾ ਹੈ ਅਤੇ ਦੂਜੇ ਪਾਸੇ ਤੁਰਕਾਂ (ਮੁਸਲਮਾਨਾਂ) ਨੂੰ ਦਿਖਾਉਣ ਲਈ ਉਹਨਾਂ ਦੇ ਧਾਰਮਿਕ ਪੁਸਤਕ ਕੁਰਾਨ ਆਦਿ ਪੜ੍ਹਦਾ ਹੈ।ਲੋਕਾਂ ਦਾ ਲਹੂ ਪੀਣ ਵਾਲੇ ਵੱਢੀ-ਖੋਰ ਮੁਸਲਮਾਨ ਹਾਕਮ ਨਮਾਜ਼ ਪੜ੍ਹਦੇ ਹਨ ਅਤੇ ਇਹਨਾਂ ਦੇ ਅੱਗੇ ਉਹ ਖੱਤ੍ਰੀ ਕਰਮਚਾਰੀ ਹਨ ਜਿਹੜੇ ਲੋਕਾਂ ਦੇ ਗਲ ਤੇ ਛੁਰੀ ਚਲਾਉਂਦੇ ਹਨ ਪਰ ਗਲ ਵਿੱਚ ਜਨੇਊ ਪਹਿਨ ਕੇ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਨ, ਉਹਨਾਂ ਦੇ ਘਰ ਜਾਕੇ ਬ੍ਰਾਹਮਣ ਪੂਜਾ ਕਰਦੇ ਹਨ ਅਤੇ ਅਜਿਹੀ ਲੁੱਟ ਦੀ ਕਮਾਈ ਦੇ ਬਣੇ ਪਦਾਰਥ ਖਾਂਦੇ ਹਨ।ਮੁਸਲਮਾਨਾਂ ਨੂੰ ਮਲੇਛ ਵੀ ਕਹਿੰਦੇ ਹਨ, ਉਹਨਾਂ ਤੋਂ ਲੈਕੇ ਧਾਨ ਵੀ ਖਾਂਦੇ ਹਨ, ਉਹਨਾਂ ਦਾ ਕਲਮਾ ਪੜ੍ਹ ਕੇ ਹਲਾਲ ਕਰਕੇ ਰਿੰਨ੍ਹਿਆ ਬੱਕਰਾ ਵੀ ਖਾਂਦੇ ਹਨ ਅਤੇ ਪੁਰਾਣਾਂ ਦਾ ਪਾਠ ਅਤੇ ਪੂਜਾ ਕਰਨ ਦਾ ਪਖੰਡ ਵੀ ਕਰਦੇ ਹਨ।ਚੌਕਾ ਲਿੱਪ ਕੇ ਰੇਖਾ ਖਿੱਚ ਦਿੰਦੇ ਹਨ ਕਿ ਇਸ ਉਤੇ ਕਿਸੇ ਨਹੀਂ ਆਉਣਾ, ਭਿੱਟਿਆ ਜਾਵੇਗਾ। ਇਸ ਤਰ੍ਹਾਂ ਸ਼ਰਮ ਅਤੇ ਧਰਮ ਦੋਵੇਂ ਗੁਆਚ ਗਏ ਹਨ। ਰਾਜਿਆਂ ਦੀ ਤੁਲਨਾ ਸ਼ੀਂਹ ਨਾਲ ਅਤੇ ਉਹਨਾਂ ਦੇ ਅਹਿਲਕਾਰਾਂ ਦੀ ਤੁਲਨਾ ਕੁੱਤਿਆਂ ਨਾਲ ਕੀਤੀ ਹੈ ਜਿਹੜੇ ਆਪਣੇ ਭਰਾਵਾਂ ਦਾ ਲਹੂ ਪੀਂਦੇ ਹਨ। ਗੁਰੂ ਨਾਨਕ ਦੇ ਸਮੇ ਵਿੱਚ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ । ਗੁਰੂ ਨਾਨਕ ਨੇ ਉਸ ਦੇ ਫੌਜ ਲੈਕੇ ਹਮਲਾ ਕਰਨ ਨੂੰ 'ਪਾਪ ਕੀ ਜੰਞ' ਲੈਕੇ ਆਉਣਾ ਕਿਹਾ ਹੈ ਅਤੇ ਰੱਬ ਨੂੰ ਉਲਾਮਾ ਦਿੰਦਿਆਂ ਬਾਬਰ ਨੂੰ 'ਜਮੁ ਕਰਿ ਮੁਗਲੁ ਚੜਾਇਆ'(ਪੰ.360) ਕਿਹਾ ਹੈ, ਜਿਸ ਦਾ ਵਰਤਾਉ ਹਿੰਦੂ ਤੇ ਮੁਸਲਮਾਨ ਜਨਤਾ ਲਈ ਇੱਕੋ ਜਿਹਾ ਜ਼ਾਲਮਾਨਾ ਹੈ। ਇਸ ਦਾ ਅਰਥ ਹੈ ਕਿ ਜ਼ਾਬਰ ਦਾ ਕੋਈ ਧਰਮ ਨਹੀਂ ਹੁੰਦਾ।।ਇਸ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਜਦੋਂ ਵੀ ਕੋਈ ਬਾਹਰਲਾ ਧਾੜਵੀ ਆਉਂਦਾ ਹੈ ਤਾਂ ਆਮ ਜਨਤਾ ਨੂੰ ਸਭ ਤੋਂ ਵੱਧ ਦੁੱਖ ਝੱਲਣੇ ਪੈਂਦੇ ਹਨ। ਜਨਤਾ ਦੀ ਆਜ਼ਾਦੀ, ਮਾਨ, ਸਵੈਮਾਨ ਅਤੇ ਜਾਨ-ਮਾਲ ਸਭ ਮਲੀਆਮੇਟ ਕਰ ਦਿੱਤੇ ਜਾਂਦੇ ਹਨ।(ਸ੍ਰੀ ਗੁਰੂ ਗ੍ਰੰਥ ਸਾਹਿਬ ਪੰ.722 ਅਤੇ 411)।

ਪੱਛਮ ਤੋਂ ਅਰੰਭ ਹੋਈ ਧਰਮ-ਨਿਰਪੇਖਵਾਦ ਇੱਕ ਅਜਿਹੀ ਲਹਿਰ ਹੈ ਜਿਸ ਦਾ ਉਦੇਸ਼ ਨੈਤਿਕ ਸੀ ਪਰ ਇਸ ਵਿੱਚ ਧਰਮ ਸ਼ਾਮਲ ਨਹੀਂ ਸੀ ਅਤੇ ਇਸ ਦਾ ਪਿਛੋਕੜ ਰਾਜਨੀਤਕ ਅਤੇ ਦਾਰਸ਼ਨਿਕ ਸਰੋਕਾਰ ਸਨ। ਇਸ ਦੀ ਨੀਂਹ ਜੀਵਨ ਅਤੇ ਵਿਹਾਰ ਦਾ ਖਾਸ ਸਿਧਾਂਤ ਦੇਣ ਦੇ ਉਦੇਸ਼ ਨਾਲ ਰੱਖੀ ਗਈ, ਜਿਸ ਦਾ ਹਾਂ-ਵਾਚਕ ਪੱਖ ਨੈਤਿਕ ਹੈ।ਪਰ ਇਹ ਸਭ ਕੁੱਝ ਕਿਸੇ ਦੇਵਤਾ ਜਾਂ ਅਗਲੇ ਜੀਵਨ ਦਾ ਹਵਾਲਾ ਦਿੱਤੇ ਵਗੈਰ ਕੀਤਾ ਗਿਆ , ਇਸ ਲਈ ਇਸ ਨੇ ਧਰਮ ਦਾ ਕਾਰਜ ਨਿਭਾਉਣ ਦਾ ਪਰਸਤਾਵ, ਧਾਰਮਿਕ ਸਹਾਇਕਾਂ ਤੋਂ ਬਿਨਾ ਰੱਖਿਆ, ਜਿਸ ਕਰਕੇ ਇਹ ਧਰਮ ਪ੍ਰਤੀ ਨਾਂਹ-ਮੁਖੀ ਹੈ।ਇਸ ਦਾ ਅਰੰਭ, ਰਾਜਨੀਤਕ ਹਾਲਾਤ ਕਰਕੇ ਅਤੇ ਦਾਰਸ਼ਨਿਕ ਅਸਰਾਂ ਕਾਰਨ ਹੋਇਆ। ਅਸਲ ਵਿੱਚ ਇਹ ਲਹਿਰ ਪੱਛਮ ਵਿੱਚ ਧਰਮ ਅਤੇ ਵਿਗਿਆਨ ਦੀ ਆਪਸੀ ਵਿਰੋਧਤਾ ਵਿੱਚੋਂ ਪੈਦਾ ਹੋਈ। ਇਹ ਇੱਕ ਅਜਿਹੀ ਵਿਚਾਰਧਾਰਾ ਹੈ ਜਿਸ ਵਿੱਚ ਸਮਾਜ ਦੇ ਜੀਵਨ ਨੂੰ ਵਿਵਸਥਤ ਕਰਨ ਵਾਲੀਆਂ ਸੰਸਥਾਵਾਂ ਪੂਰਨ ਤੌਰ ਤੇ ਧਾਰਮਿਕ ਵਿਸ਼ਵਾਸ਼ ਦੀਆਂ ਵਿਰੋਧੀ ਹਨ। ਜਦ ਕਿ ਹਿੰਦੁਸਤਾਨ ਦੇ ਬਹੁ-ਧਾਰਮਿਕ ਹਾਲਾਤ ਅਨੁਸਾਰ, ਧਰਮ-ਨਿਰਪੇਖਤਾ ਦਾ ਅਰਥ ਫਰਕ ਹੈ। ਇਸ ਦਾ ਅਰਥ ਧਰਮ ਦਾ ਨਾ-ਹੋਣਾ ਨਹੀਂ ਹੈ ਪ੍ਰੰਤੂ ਅਜਿਹਾ ਰਾਜਨੀਤਕ ਅਤੇ ਸਮਾਜਿਕ ਪ੍ਰਬੰਧ ਹੈ ਜਿਥੇ ਕਿਸੇ ਇੱਕ ਧਰਮ ਨੂੰ ਦੂਸਰਿਆਂ ਦੇ ਮੁਕਾਬਲੇ ਤਰਜੀਹ ਨਹੀਂ, ਸਟੇਟ ਵੱਲੋਂ ਸਭ ਨੂੰ ਬਰਾਬਰ ਦਾ ਮਾਣ ਦੇਣਾ।

ਜੇ ਗਰੀਕ ਨੈਤਿਕ ਸ਼ਾਸਤ੍ਰ ਨੂੰ ਘੋਖਿਆ ਜਾਵੇ ਤਾਂ ਨਿਆਉਂ ਇੱਕ ਗੁਣ ਹੈ ਜੋ ਦੂਸਰਿਆਂ ਨਾਲ ਸਮਾਜਿਕ ਰਿਸ਼ਤੇ ਤੇ ਲਾਗੂ ਹੁੰਦਾ ਹੈ, ਕਿਉਂਕਿ ਇਹ ਦੂਸਰਿਆਂ ਦੇ ਹਿੱਤਾਂ ਨੂੰ ਉਚਿਆਉਂਦਾ ਹੈ, ਭਾਂਵੇਂ ਉਹ ਰਾਜਾ ਹੋਵੇ ਅਤੇ ਭਾਂਵੇਂ ਆਮ ਸ਼ਹਿਰੀ। 'ਨਿਆਉਂ' ਦੇ ਦੋ ਅਰਥ ਕੀਤੇ ਜਾਂਦੇ ਹਨ, ਕਾਨੂੰਨਨ ਅਤੇ ਨਿਰਪੱਖਤਾ। ਕਾਨੂੰਨ ਸਾਰੇ ਭਾਈਚਾਰੇ ਦੇ ਹਿਤ ਵਿੱਚ ਸਭ ਤੇ ਇੱਕੋ ਜਿਹਾ ਲਾਗੂ ਹੁੰਦਾ ਹੈ। ਨਿਰਪੱਖਤਾ ਤੋਂ ਭਾਵ ਹੈ ਹਰ ਸ਼ਹਿਰੀ ਨੂੰ ਉਸਦਾ ਬਣਦਾ ਹੱਕ ਦੇਣਾ।ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸਾਰੇ ਮਨੁੱਖ ਉਸ ਇੱਕ ਅਕਾਲ ਪੁਰਖ ਨੇ ਸਿਰਜੇ ਹਨ ਅਤੇ ਉਹ ਹਰ ਇੱਕ ਵਿੱਚ ਇੱਕ-ਰਸ ਵਿਆਪਕ ਹੈ। ਇਸ ਲਈ ਉਸ ਦੀ ਕਿਰਪਾ ਹਰ ਇੱਕ ਤੇ ਹੁੰਦੀ ਹੈ। ਉਸਦੀ ਕਿਰਪਾ ਦਾ ਪਾਤਰ ਹੋਣ ਲਈ ਧਰਮ, ਜਾਤ, ਵਰਣ, ਜਨਮ, ਅਤੇ ਇਸਤ੍ਰੀ-ਪੁਰਸ਼ ਹੋਣ ਦਾ ਕੋਈ ਭੇਦ-ਭਾਵ ਨਹੀਂ ਹੈ। ਜਨਮ, ਜ਼ਾਤ, ਨਸਲ, ਧਰਮ ਕਰਕੇ ਕੋਈ ਉਚਾ ਜਾਂ ਨੀਵਾਂ ਨਹੀਂ ਹੈ। ਪਰਮਾਤਮਾ ਦੀ ਨਿਗਾਹ ਵਿੱਚ ਸਭ ਬਰਾਬਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਮਨੁੱਖ ਦੀਆ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਹਨ: ਗੁਰਮੁਖਿ ਅਤੇ ਮਨਮੁਖਿ। ਹੋਰ ਕੋਈ ਕੋਟੀ ਪ੍ਰਵਾਨ ਨਹੀਂ ਕੀਤੀ ਗਈ। ਜੋ ਗੁਰੂ ਦੇ ਦੱਸੇ ਰਸਤੇ ਉਤੇ ਚਲਦੇ ਹਨ, ਉਹ ਗੁਰਮੁਖਿ ਹਨ ਅਤੇ ਜੋ ਆਪਣੇ ਮਨ ਦੀ ਮਤਿ ਅਨੁਸਾਰ ਚਲਦੇ ਹਨ, ਉਹ ਮਨਮੁਖਿ ਹਨ। ਮਨ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਬਿਰਤੀਆਂ ਦੇ ਅਧੀਨ ਹੋਣ ਕਰਕੇ ਮਨੁੱਖ ਨੂੰ ਉਸਦੇ ਰਸਤੇ ਤੋਂ ਵਿਚਲਤ ਕਰ ਸਕਦਾ ਹੈ ਪਰ ਗੁਰਮੁਖਿ ਗੁਰੂ ਦੇ ਦੱਸੇ ਰਸਤੇ ਤੇ

ਚਲਦਾ ਹੋਇਆ ਇਹਨਾਂ ਬਿਰਤੀਆਂ ਨੂੰ ਕਾਬੂ ਵਿੱਚ ਰੱਖਦਾ ਹੈ। ਇਸ ਲਈ ਕੁਦਰਤੀ ਹੈ ਕਿ ਗੁਰਮੁਖਿ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣ ਜਾਂਦਾ ਹੈ ਅਤੇ ਆਪਣੀ ਮੰਜਲ ਤੇ ਪਹੁੰਚ ਜਾਂਦਾ ਹੈ। ਸਮਾਜਿਕ ਬਰਾਬਰੀ ਤੋਂ ਬਿਨਾ ਨਿਆਉਂ ਅਰਥਹੀਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਰਣ-ਵੰਡ ਨੂੰ ਨਕਾਰਦੀ ਹੈ ਜੋ ਕਿ ਸਮਾਜਿਕ ਨਾ-ਬਰਾਬਰੀ ਦਾ ਕਾਰਨ ਹੈ। ਸਮਾਜਿਕ ਬਰਾਬਰੀ ਸਮਾਜਿਕ ਰਿਸ਼ਤਿਆਂ ਨੂੰ ਨਿਰਧਾਰਤ ਕਰਦੀ ਹੈ।ਭਗਤ ਕਬੀਰ ਅਨੁਸਾਰ ਜਿਸ ਤਰ੍ਹਾਂ ਘੁਮਿਆਰ ਇੱਕੋ ਮਿੱਟੀ ਤੋਂ ਵੱਖਰੀ ਵੱਖਰੀ ਸ਼ਕਲ ਅਤੇ ਆਕਾਰ ਦੇ ਭਾਂਡੇ ਬਣਾਉਂਦਾ ਹੈ, ਇਸੇ ਤਰ੍ਹਾਂ ਸਿਰਜਣਹਾਰ ਨੇ ਇੱਕੋ ਕਿਸਮ ਦੇ ਤੱਤਾਂ ਤੋਂ ਵੱਖਰੇ ਵੱਖਰੇ ਮਨੁੱਖ ਘੜੇ ਹਨ। ਇਸ ਵਿੱਚ ਨਾ ਮਿੱਟੀ ਦਾ ਦੋਸ਼ ਹੈ ਅਤੇ ਨਾ ਹੀ ਸਿਰਜਣਹਾਰ ਦਾ। ਇਹ ਸਾਰਾ ਸੰਸਾਰ ਉਸ ਇੱਕ ਨੂਰ ਤੋਂ ਪੈਦਾ ਹੋਇਆ ਅਤੇ ਉਹ ਸਭ ਵਿੱਚ ਉਸ ਦਾ ਨੂਰ ਸਭ ਵਿੱਚ ਵਿਆਪਕ ਹੈ।(ਪੰ.1349-50, "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ")। ਇਸ ਸਿਧਾਂਤ ਦੀ ਪ੍ਰੋੜਤਾ ਬਾਬਾ ਫ਼ਰੀਦ ਦੀ ਬਾਣੀ ਤੋਂ ਵੀ ਹੋ ਜਾਂਦੀ ਹੈ ਕਿ ਇਸ ਖ਼ਲਕਤ ਨੂੰ ਬਣਾਉਣ ਵਾਲਾ ਪਰਮਾਤਮਾ ਆਪ ਸਾਰੀ ਖ਼ਲਕਤ ਵਿੱਚ ਮੌਜੂਦ ਹੈ ਅਤੇ ਖ਼ਲਕਤ ਪਰਮਾਤਮਾ ਵਿੱਚ ਵੱਸ ਰਹੀ ਹੈ। ਜਦੋਂ ਕਿਤੇ ਵੀ ਉਸ ਤੋਂ ਬਿਨਾ ਹੋਰ ਕੋਈ ਨਹੀਂ ਤਾਂ ਫਿਰ ਕਿਸ ਨੂੰ ਮਾੜਾ ਜਾਂ ਮੰਦਾ ਕਿਹਾ ਜਾ ਸਕਦਾ ਹੈ। ਗੁਰੂ ਅਰਜਨ ਦੇਵ ਇਸ ਅਨੁਭਵ ਲਈ ਸਿੱਖ ਨੂੰ ਗੁਰੂ ਦੀ ਸੰਗਤਿ, ਸਤਿਸੰਗਤ ਕਰਨ ਦਾ ਆਦੇਸ਼ ਕਰਦੇ ਕਿਉਂਕਿ ਸਤਿਸੰਗਤ ਵਿੱਚ ਆਕੇ ਮਨੁੱਖ ਦੇ ਅੰਦਰੋਂ ਦੂਸਰਿਆਂ ਨਾਲ ਤੇਰ-ਮੇਰ ਦੇ ਭਾਵ ਖਤਮ ਹੋ ਜਾਂਦੇ ਹਨ। ਉਸਨੂੰ ਦੂਸਰਿਆਂ ਵਿੱਚ ਕੋਈ ਵੈਰੀ ਜਾਂ ਬਿਗਾਨਾ ਨਜ਼ਰ ਨਹੀਂ ਆਉਂਦਾ ਸ਼ਾਰੇ ਆਪਣੇ ਜਾਪਦੇ ਹਨ ਅਤੇ ਸਭ ਨਾਲ ਪਿਆਰ ਦਾ ਰਿਸ਼ਤਾ ਬਣਦਾ ਹੈ।ਉਸਨੂੰ ਪਰਮਾਤਮਾ ਦੇ ਕੀਤੇ ਨੂੰ ਭਲਾ ਕਰਕੇ ਮੰਨਣ ਦੀ ਅਕਲ ਆਉਂਦੀ ਹੈ।ਸਾਧ-ਸੰਗਤਿ ਵਿੱਚ ਮਨੁੱਖ ਨੂੰ ਇਸ ਗੱਲ ਦੀ ਸੋਝੀ ਆਉਂਦੀ ਹੈ ਕਿ ਹਰ ਇੱਕ ਵਿੱਚ ਉਹ ਪਰਮਾਤਮਾ ਵਸਦਾ ਹੈ। ਉਸ ਦੀ ਵਿਆਪਕਤਾ ਨੂੰ ਮੰਨਣਾ ਹੀ ਸਮਾਜਿਕ ਬਰਾਬਰੀ ਦਾ ਅਧਾਰ ਹੈ(ਪੰ.1299)। ਸਮਾਜਿਕ ਬਰਾਬਰੀ ਨਾਲ ਹੀ ਸਮਾਜਿਕ ਨਿਆਉਂ ਜੁੜਿਆ ਹੋਇਆ ਹੈ। ਸਿੱਖ ਨੈਤਿਕ ਸ਼ਾਸਤ੍ਰ ਦੇ ਇੱਕ ਵਿਦਵਾਨ ਅਨੁਸਾਰ ਨਿਆਉਂ ਦਾ ਗੁਣ ਦੋ ਗੱਲਾਂ ਵਿੱਚ ਨਿਹਤ ਹੈ: ਦੂਸਰਿਆਂ ਦੇ ਅਧਿਕਾਰਾਂ ਦਾ ਸਤਿਕਾਰ ਕਰਨਾ ਅਤੇ ਦੂਸਰਿਆਂ ਦਾ ਸੋਸ਼ਣ ਨਾ ਕਰਨਾ।(Source:Dr. Avtar Singh, Ethics of The Sikhs, Punjabi University Patiala, p99). ਦੂਸਰਿਆਂ ਦੇ ਅਧਿਕਾਰਾਂ ਦੀ ਗੱਲ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ਕਿਸੇ ਦੂਸਰੇ ਦਾ ਅਧਿਕਾਰ ਖੋਹਣਾ ਉਸੇ ਤਰ੍ਹਾਂ ਬੁਰਾ ਹੈ ਜਿਵੇਂ ਮੁਸਲਮਾਨ ਵਾਸਤੇ ਸੂਰ ਅਤੇ ਹਿੰਦੂ ਵਾਸਤੇ ਗਊ ਦਾ ਮਾਸ।(ਪੰ.18)। ਇਹ ਦੋਵੇਂ ਗੱਲਾਂ ਸੂਰ ਦਾ ਮਾਸ ਅਤੇ ਗਊ ਦਾ ਮਾਸ ਮੁਸਲਮਾਨ ਅਤੇ ਹਿੰਦੂ ਭਾਈਚਾਰਿਆਂ ਵਿੱਚ ਵਿਵਰਜਤ ਹਨ ਅਤੇ ਬੜਾ ਵੱਡਾ ਗੁਨਾਹ ਮੰਨੇ ਜਾਂਦੇ ਹਨ।ਇਸੇ ਤਰ੍ਹਾਂ ਦੂਸਰਿਆਂ ਦਾ ਹੱਕ ਖੋਹਣਾ ਵੀ ਏਡਾ ਹੀ ਵੱਡਾ ਗੁਨਾਹ ਹੈ ਅਤੇ ਨੈਤਿਕ ਅਧਾਰ ਤੇ ਵਿਵਰਜਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਸਤੁਤ ਧਰਮ-ਨਿਰਪੇਖਵਾਦ ਦਾ ਮਾਡਲ ਨਾ ਤੇ ਧਰਮ ਤੋਂ ਨਿਵੇਕਲਾ ਹੈ ਅਤੇ ਨਾ ਹੀ ਧਰਮ ਦੇ ਵਿਰੋਧ ਵਿੱਚ ਹੈ। ਇਹ ਧਰਮ ਦੇ ਪੱਖ ਵਿੱਚ ਵੀ ਹੈ ਅਤੇ ਧਰਮ ਨੂੰ ਸਮਿਲਤ ਵੀ ਕਰਦਾ ਹੈ। ਪਰ ਇਹ ਧਰਮ ਸਿਰਫ਼ ਅਤੇ ਸਿਰਫ ਪਰਮਾਤਮਾ ਪ੍ਰਤੀ ਪ੍ਰੇਮ ਹੈ ਜੋ ਸਰੀਆਂ ਧਾਰਮਿਕ ਹੱਦਬੰਦੀਆਂ ਤੋਂ ਪਾਰ ਲੰਘ ਜਾਂਦਾ ਹੈ। ਇਸ ਦੀ ਉਦਾਹਰਣ ਗੁਰੂ ਅਮਰਦਾਸ ਦੀ ਰਚਨਾ ਵਡਹੰਸ ਕੀ ਵਾਰ ਵਿੱਚੋਂ ਦਿੱਤੀ ਜਾ ਸਕਦੀ ਹੈ। ਇਥੇ ਦੱਸਿਆ ਹੈ ਕਿ ਪਰਮਾਤਮਾ ਆਪਣੇ ਭਗਤਾਂ ਤੇ ਆਪ ਖੁਸ਼ ਹੁੰਦਾ ਹੈ ਅਤੇ ਆਪਣੇ ਨਾਲ ਜੋੜ ਲੈਂਦਾ ਹੈ। ਉਹ ਆਪਣੇ ਭਗਤਾਂ ਦੇ ਸਿਰ ਤੇ ਛਤ੍ਰ ਝੁਲਾਕੇ ਉਹਨਾਂ ਨੂੰ ਆਪ ਹੀ ਪਾਤਿਸ਼ਾਹੀ ਬਖ਼ਸ਼ਦਾ ਹੈ। ਸਤਿਗੁਰੂ ਦੀ ਦੱਸੀ ਕਾਰ ਕਮਾਕੇ ਉਹ ਸਦਾ ਸੁਖੀ ਰਹਿੰਦੇ ਹਨ। ਰਾਜੇ ਉਹ ਨਹੀਂ ਕਹੇ ਜਾਂਦੇ ਜਿਹੜੇ ਆਪਸ ਵਿੱਚ ਲੜ ਮਰਦੇ ਹਨ ਅਤੇ ਫਿਰ ਜੂਨਾਂ ਵਿੱਚ ਪਏ ਰਹਿੰਦੇ ਹਨ।ਨਾਮ ਤੋਂ ਵਿਹੂਣੇ ਰਾਜੇ ਨੱਕ ਵੱਢੇ ਹਨ ਅਤੇ ਕਦੇ ਸ਼ੋਭਾ ਨਹੀਂ ਪਾਉਂਦੇ।(ਪੰ.590)।ਇਸ ਤਰ੍ਹਾਂ ਸੱਚੀ ਅਧਿਆਤਮਕ ਭਗਤੀ ਰਾਜੇ ਦਾ ਪਹਿਲਾ ਗੁਣ ਹੈ। ਰਾਜ ਕਰਤਾ ਦਾ ਦੂਸਰਾ ਜ਼ਰੂਰੀ ਗੁਣ ਹੈ ਨਿਆਉਂ, ਇਨਸਾਫ਼। ਗੁਰੂ ਨਾਨਕ ਵਡਹੰਸ ਕੀ ਵਾਰ ਵਿੱਚ ਦੱਸਦੇ ਹਨ ਕਿ ਸੱਚੀਆਂ ਚੁੱਲੀਆਂ ਭਾਵ ਸੰਕਲਪ ਜੋ ਮਨੁੱਖ ਨੂੰ ਕਰਨੇ ਚਾਹੀਦੇ ਹਨ: ਸਿਆਣੇ ਦਾ ਸੰਕਲਪ ਜਾਂ ਚੁੱਲੀ ਹੈ ਗਿਆਨ ਪ੍ਰਾਪਤ ਕਰਨਾ, ਜੋਗੀ ਦਾ ਸੰਕਲਪ ਹੈ ਸੰਜਮ, ਬ੍ਰਾਹਮਣ ਦਾ ਸੰਕਲਪ ਹੈ ਸੰਤੁਸ਼ਟੀ ਭਾਵ ਸੰਤੋਖ, ਗ੍ਰਿਹਸਤੀ ਦਾ ਦਾਨ, ਰਾਜੇ ਦੀ ਚੁੱਲੀ ਹੈ ਸਭ ਨੂੰ ਨਿਆਉਂ ਦੇਣਾ ਅਤੇ ਵਿਦਵਾਨ ਦਾ ਸੰਕਲਪ ਹੈ ਸਚਿ ਦਾ ਧਿਆਨ ਧਰਨਾ। ਪਾਣੀ ਨਾਲ ਧੋਤਿਆਂ ਹਿਰਦਾ ਸਾਫ ਨਹੀਂ ਹੁੰਦਾ। ਪਾਣੀ ਮਨੁੱਖ ਦੀ ਪਿਆਸ ਬੁਝਾਉਣ ਦਾ ਕੰਮ ਕਰਦਾ ਹੈ।ਪਾਣੀ ਜਗਤ ਦਾ ਮੂਲ ਹੈ ਅਰਥਾਤ ਪਾਣੀ ਜੀਵਨ ਦਾਨ ਦਿੰਦਾ ਹੈ ਅਤੇ ਪਾਣੀ ਹੀ ਫਿਰ ਖ਼ਤਮ ਕਰ ਦਿੰਦਾ ਹੈ, ਖਾ ਜਾਂਦਾ ਹੈ।(ਪੰ.1240)।ਧਾਰਮਿਕ ਕਪਟ ਅਤੇ ਪਖੰਡ, ਉਹ ਭਾਵੇਂ ਰਾਜ-ਕਰਤਾ ਜਮਾਤ ਦਾ ਹੀ ਕਿਉਂ ਨਾ ਹੋਵੇ, ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਸਿਰੇ ਤੋਂ ਨਕਾਰਿਆ ਹੈ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਹਾਦਤ ਦਾ ਸੰਕਲਪ:- ਸਿੱਖ ਧਰਮ ਚਿੰਤਨ ਵਿੱਚ ਸ਼ਹਾਦਤ ਦੇ ਸੰਕਲਪ ਨੂੰ ਸਮਝਣ ਵਾਸਤੇ ਸਿੱਖ ਧਰਮ ਦੇ ਇਲਹਾਮ ਨੂੰ ਘੋਖਣਾ ਪਵੇਗਾ।ਇਲਹਾਮ ਤੋਂ ਭਾਵ ਹੈ ਉਚਤਮ ਸਤਿ ਦਾ ਪ੍ਰਕਾਸ਼ਨ। ਇਲਹਾਮ ਵਿੱਚ ਪਰਮਾਤਮਾ ਪਰਮ-ਗਿਆਨ ਦਾ, ਆਪਣੇ ਆਪ ਦਾ ਅਨੁਭਵ ਕਰਾਉਂਦਾ ਹੈ ਪਰ ਇਸ ਗਿਆਨ ਦੇ ਪ੍ਰਕਾਸ਼ਨ ਦੇ ਅਹਿਦ ਵੱਜੋਂ ਉਹ ਮਨੁੱਖ ਪਾਸੋਂ ਇਸ ਪ੍ਰਕਾਸ਼ਨ ਪ੍ਰਤੀ ਹੁੰਘਾਰਾ ਮੰਗਦਾ ਹੈ, ਪੂਰਨ ਪ੍ਰਤੀਬਧਤਾ ਮੰਗਦਾ ਹੈ, ਜਿਸ ਵਿੱਚ ਮਨੁੱਖ ਦਾ ਸਾਰਾ ਆਪਾ ਸ਼ਾਮਲ ਹੁੰਦਾ ਹੈ।ਗੁਰੂ ਨਾਨਕ ਸਾਹਿਬ ਨੇ ਬਾਣੀ ਵਿੱਚ ਇਸ ਬਾਰੇ ਬੜਾ ਸਪਸ਼ਟ ਇਸ਼ਾਰਾ ਕੀਤਾ ਹੈ ਕਿ ਪਰਮਾਤਮਾ ਪ੍ਰਤੀ ਇਹ ਪ੍ਰਤਿਬਧਤਾ ਪ੍ਰੇਮ ਦਾ ਖੇਡ ਹੈ। ਜੇ ਮਨੁੱਖ ਇਹ ਖੇਡਣਾ ਚਾਹੁੰਦਾ ਹੈ, ਪ੍ਰੇਮ ਦੀ ਗਲੀ ਵਿੱਚ ਪੈਰ ਧਰਨਾ ਚਾਹੁੰਦਾ ਹੈ ਤਾਂ ਉਸਨੂੰ ਆਪਣਾ ਸਿਰ ਤਲੀ ਤੇ ਰੱਖ ਕੇ ਆਉਣਾ ਪੈਣਾ ਹੈ ਅਰਥਾਤ ਆਪੇ ਦਾ ਪੂਰਨ ਸਮਰਪਣ ਕਰਨਾ ਪਵੇਗਾ।ਬਿਨਾਂ ਕਿਸੇ ਹਿਚਕਚਾਹਟ ਦੇ ਆਪਣਾ ਸਿਰ ਦੇਣਾ ਪਵੇਗਾ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥2॥

(ਪੰ.1412)

ਇਸ ਦਾ ਅਰਥ ਇਹ ਕਿ ਪਰਮਾਤਮਾ ਦੇ ਪ੍ਰੇਮ ਵਿੱਚ ਮਨੁੱਖ ਨੂੰ ਪਰਮਾਤਮਾ ਦੇ ਹੁਕਮ ਵਿੱਚ ਪੂਰਨ ਸਮਰਪਣ ਕਰਨਾ ਪੈਂਦਾ ਹੈ। 'ਸਿਰ' ਹਉਮੈ ਦਾ ਪ੍ਰਤੀਕ ਹੈ, ਪਰਮਾਤਮਾ ਦੇ ਪ੍ਰੇਮ ਦੇ ਰਸਤੇ ਤੇ ਤੁਰਦਿਆਂ ਆਪਣੀ ਹਉਮੈ ਦਾ ਪੂਰਨ ਤਿਆਗ ਕਰਨਾ ਹੁੰਦਾ ਹੈ। ਹਉਮੈ ਤੰਗ ਨਜ਼ਰੀਆਂ ਹੈ, ਪਰਮਾਤਮ-ਹੁਕਮ ਵਿਸ਼ਾਲ ਨਜ਼ਰੀਆ ਹੈ, ਉਚੀ ਚੇਤਨਤਾ ਹੈ। ਪ੍ਰੇਮ ਉਸ ਅਕਾਲ ਪੁਰਖ ਨੂੰ ਪਾਉਣ ਦਾ ਜ਼ਰੀਆ ਹੈ।'ਅਕਾਲ ਉਸਤਤਿ' ਵਿੱਚ ਵੀ ਦੱਸਿਆ ਹੈ ਕਿ ਬਗਲੇ ਵਾਂਗ ਅੱਖਾਂ ਮੁੰਦ ਕੇ ਸਮਾਧੀ ਸਥਿਤ ਹੋਣ ਨਾਲ, ਤੀਰਥਾਂ ਤੇ ਨਹਾਉਣ ਨਾਲ ਭਾਂਵੇਂ ਸਮੁੰਦ੍ਰਾਂ ਵਿੱਚ ਇਸ਼ਨਾਨ ਕਰ ਲਿਆ ਜਾਵੇ, ਇਸ ਸਭ ਦਾ ਕੋਈ ਫਾਇਦਾ ਨਹੀਂ ਹੈ। ਸਭ ਬੇਅਰਥ ਹੈ।ਸੱਚੀ ਅਤੇ ਸਹੀ ਗੱਲ ਇਹ ਹੈ ਕਿ ਜਿਹੜਾ ਉਸਨੂੰ ਪ੍ਰੇਮ ਕਰਦਾ ਹੈ, ਉਹ ਹੀ ਉਸ ਨੂੰ ਪਾ ਸਕਦਾ ਹੈ।

ਨਿਰਭਉ ਅਤੇ ਨਿਰਵੈਰ ਗੁਣਾਂ ਦੀ ਪ੍ਰਾਪਤੀ ਪਰਮਾਤਮਾ ਦੇ ਪ੍ਰੇਮ ਰਾਹੀਂ ਹੀ ਸੰਭਵ ਹੈ, ਜੋ ਕਿ ਪਰਮਾਤਮਾ ਦੇ ਗੁਣ ਹਨ। ਹਰ ਕਿਸਮ ਦੇ ਭੈ ਵਿੱਚੋਂ ਮੌਤ ਦਾ ਭੈ ਸਭ ਤੋਂ ਭਿਆਨਕ ਮੰਨਿਆ ਜਾਂਦਾ ਹੈ।ਸਿੱਖ ਧਰਮ ਚਿੰਤਨ ਅਨੁਸਾਰ ਪਰਮਾਤਮਾ ਵੱਲੋਂ ਮਨੁੱਖ ਕੋਲੋਂ ਮੌਤ ਦੇ ਭੈ ਤੋਂ ਉਤੇ ਉਠਣ ਦੀ ਤਵੱਕੋ ਕੀਤੀ ਜਾਂਦੀ ਜਿਸ ਪ੍ਰਤਿਕਿਰਿਆਂ ਦੀ ਉਤੇ ਇਲਹਾਮ ਦੇ ਸਬੰਧ ਵਿੱਚ ਗੱਲ ਕੀਤੀ ਹੈ। ਨਿਰਭਉ ਹੋਣ ਲਈ, ਹੋਰ ਹਰ ਤਰ੍ਹਾਂ ਦੇ ਭੈ ਤੋਂ ਮੁਕਤ ਹੋਣ ਲਈ ਪਰਮਾਤਮਾ ਦੇ ਨਿਰਮਲ ਭਉ, ਉਸ ਦੇ ਪ੍ਰੇਮ ਵਿੱਚ ਜਿਉਣ ਦੀ ਜਾਚ ਆਉਣੀ ਚਾਹੀਦੀ ਹੈ, "ਭੈ ਰਚਿ ਰਹੈ ਸੁ ਨਿਰਭਉ ਹੋਇ"॥ (ਪੰ.223)।ਮੌਤ ਨੂੰ ਸਿੱਖ ਧਰਮ ਚਿੰਤਨ ਵਿੱਚ ਬੁਰੀ ਜਾਂ ਸਜਾ ਨਹੀਂ ਮੰਨਿਆ ਗਿਆ। ਮੌਤ ਤਾਂ ਪਰਮਾਤਮ-ਹੁਕਮ ਹੈ।ਜੋ ਕੁੱਝ ਵੀ ਪੈਦਾ ਹੁੰਦਾ ਹੈ ਉਸ ਨੇ ਇੱਕ ਦਿਨ ਖਤਮ ਹੋਣਾ ਹੈ, ਇਹ ਸਭ ਪਰਮਾਤਮਾ ਦੇ ਹੁਕਮ ਵਿੱਚ ਹੁੰਦਾ ਹੈ।ਇਸ ਲਈ ਮਨੁੱਖ ਨੂੰ ਸਭ ਤੋਂ ਪਹਿਲਾਂ ਇਸ ਸਚਾਈ ਨੂੰ ਪਰਵਾਨ ਕਰਕੇ ਚੱਲਣ ਦੀ ਪ੍ਰੇਰਨਾ ਕੀਤੀ ਹੈ। ਜਿਵੇਂ ਪਹਿਲਾਂ ਗੱਲ ਕੀਤੀ ਹੈ ਕਿ ਇਹ ਪੂਰਣ ਸਮਰਪਣ ਹੈ, ਅੰਦਰੋਂ ਆਪਾ-ਭਾਵ ਦਾ ਤਿਆਗ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਇਹ ਆਦੇਸ਼ ਹੈ। ਜਦੋਂ ਸਮਰਪਣ ਦੀ ਭਾਵਨਾ ਦ੍ਰਿੜ ਹੋ ਜਾਂਦੀ ਹੈ, ਸਭ ਕੁੱਝ ਅਕਾਲ ਪੁਰਖ ਨੂੰ ਸੌਂਪ ਦਿੱਤਾ ਗਿਆ, ਫਿਰ ਹੋਰ ਕੋਈ ਮਨ ਵਿੱਚ ਨਹੀਂ ਰਹਿੰਦਾ। ਗੁਰੂ ਅਰਜਨ ਦੇਵ ਇਸੇ ਸਮਰਪਣ ਦੀ ਗੱਲ ਕਰਦੇ ਹਨ:-

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸਿ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥1॥

(ਪੰ.1102)

ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਮੌਤ ਨੂੰ ਬੁਰਾ ਕਹਿਣ ਦੀ ਜ਼ਰੂਰਤ ਨਹੀਂ ਹੈ, ਮਨੁੱਖ ਨੂੰ ਸਿਰਫ ਏਨਾ ਪਤਾ ਹੋਣਾ ਚਾਹੀਦਾ ਹੈ ਕਿ ਮਰਨਾ ਕਿਵੇਂ ਹੈ।ਆਪਣੇ ਸਰਬਸ਼ਕਤੀਮਾਨ ਪਰਮਾਤਮਾ ਦਾ ਸਿਮਰਨ ਕਰੋ ਜਿਸ ਨਾਲ ਤੁਹਾਡਾ ਪੰਧ ਸੌਖਾ ਹੋ ਜਾਵੇ ਅਤੇ ਤੁਸੀਂ ਇਸ ਉਤੇ ਸਹਿਜ ਨਾਲ ਚੱਲ ਸਕੋ।ਇਸ ਜੀਵਨ-ਰਾਹ ਤੇ ਚੱਲਦਿਆਂ ਫਲ ਵੀ ਮਿਲੇਗਾ ਅਤੇ ਪਰਮਾਤਮਾ ਦੀ ਹਜ਼ੂਰੀ ਵਿੱਚ ਇੱਜ਼ਤ ਵੀ ਮਿਲੇਗੀ।ਜੇ ਮਨੁੱਖ ਨਾਮ ਦੀ ਭੇਟਾ ਲੈਕੇ ਜਾਂਦਾ ਹੈ, ਅਰਥਾਤ ਇੱਜ਼ਤ ਨਾਲ ਜੀਵਨ ਜਿਉਂਦਾ ਹੈ ਤਾਂ ਉਸ ਦੇ ਕਰਮਾਂ ਦਾ ਹਿਸਾਬ ਹੋਣ ਵੇਲੇ ਵੀ ਉਸ ਨੂੰ ਇੱਜ਼ਤ ਮਿਲੇਗੀ। ਪਤਿ ਸੇਤੀ ਜਿਉਣਾ ਅਤੇ ਪਤਿ ਸੇਤੀ ਜਾਣਾ ਭਾਵ ਇਸ ਸੰਸਾਰ ਵਿੱਚ ਇੱਜ਼ਤ ਨਾਲ ਜਿਉਣਾ ਅਤੇ ਇੱਜ਼ਤ ਲੈ ਕੇ ਇਥੋਂ ਜਾਣਾ ਇਹੀ ਅਸਲੀ ਜੀਵਨ ਹੈ।ਇਹੀ ਨਹੀਂ, ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜੋ ਮਨੁੱਖ ਸਮਰਪਣ ਵਾਲਾ ਜੀਵਨ

ਜਿਉਂਕੇ, ਕਬੂਲ ਹੋ ਕੇ ਮਰਦੇ ਹਨ, ਉਹ ਸੂਰਮੇ ਹਨ ਅਤੇ ਉਹਨਾਂ ਦਾ ਮਰਨਾ ਵੀ ਸਲਾਹਿਆ ਜਾਂਦਾ ਹੈ, ਉਹਨਾਂ ਨੂੰ ਸਤਿਕਾਰ ਮਿਲਦਾ ਹੈ ਅਤੇ ਇਹ ਸੂਰਮਿਆਂ ਦਾ ਹੱਕ ਹੈ:-

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥
ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥(ਪੰ.579)

ਭਗਤ ਕਬੀਰ ਕਹਿੰਦੇ ਹਨ ਕਿ ਜਿਸ ਮਰਨ ਤੋਂ ਇਹ ਸੰਸਾਰ ਡਰਦਾ ਹੈ, ਉਸ ਮਰਨ ਨਾਲ ਮੇਰੇ ਮਨ ਵਿੱਚ ਖੁਸ਼ੀ ਪੈਦਾ ਹੁੰਦੀ ਹੈ। ਦੁਨੀਆਂ ਦੇ ਇਸ ਮੋਹ ਵੱਲੋਂ ਮਰਿਆਂ ਹੀ ਅਰਥਾਤ ਸੰਸਾਰ ਦਾ ਮੋਹ ਤਿਆਗ ਕੇ ਹੀ ਉਹ ਪਰਮਾਤਮਾ ਮਿਲਦਾ ਹੈ ਜੋ ਪੂਰਨ ਅਨੰਦ-ਸਰੂਪ ਹੈ। ਭਗਤ ਕਬੀਰ ਇਸ ਨੂੰ ਸਤੀ ਦੀ ਉਦਾਹਰਣ ਰਾਹੀਂ ਸਮਝਾਉਂਦੇ ਹਨ। ਪੁਰਾਤਨ ਹਿੰਦੂ ਪ੍ਰੰਪਰਾ ਅਨੁਸਾਰ ਜੋ ਇਸਤ੍ਰੀ ਆਪਣੇ ਪਤੀ ਦੀ ਮੌਤ ਤੇ ਉਸ ਨਾਲ ਚਿਖਾ ਤੇ ਸੜਕੇ ਮਰਨਾ ਚਾਹੁੰਦੀ ਸੀ, ਉਹ ਹੱਥ ਵਿੱਚ ਸੰਧੂਰ ਲੱਗਿਆ ਨਾਰੀਅਲ ਲੈਂਦੀ ਸੀ। ਸੰਧੂਰਿਆ ਹੋਇਆ ਨਾਰੀਅਲ ਹੱਥ ਵਿੱਚ ਫੜ ਲੈਣਾ ਇਸ ਗੱਲ ਦੀ ਨਿਸ਼ਾਨੀ ਸੀ ਕਿ ਇਹ ਇਸਤ੍ਰੀ ਮੌਤ ਤੋਂ ਨਹੀਂ ਡਰਦੀ ਅਤੇ ਆਪਣੇ ਮੋਏ ਪਤੀ ਨਾਲ ਸੜਨ ਲਈ ਤਿਆਰ ਹੈ। ਭਗਤ ਕਬੀਰ ਕਹਿੰਦੇ ਜਦੋਂ ਹੱਥ ਵਿੱਚ ਨਾਰੀਅਲ ਫੜ ਹੀ ਲਿਆ ਫਿਰ ਮਰਨ ਤੋਂ ਕੀ ਡਰਨਾ ਹੈ। ਜਿਸ ਭਾਗਾਂ ਵਾਲੇ ਮਨੁੱਖ ਨੂੰ ਪਰਮਾਤਮ-ਭਗਤੀ ਦੀ ਦਾਤ ਮਿਲ ਗਈ, ਜਦੋਂ ਸਤਿ ਦੀ ਪ੍ਰਾਪਤੀ ਦਾ ਅਹਿਦ ਲੈ ਲਿਆ ਫਿਰ ਆਪਾ-ਭਾਵ ਤਿਆਗਣ ਦਾ, ਮੌਤ ਦਾ ਡਰ ਕੇਹਾ:-

ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦ॥22॥(ਪੰ.1365)॥
ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤ ਕੀਨੁ॥
ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥71॥(ਪਮ.1368)

ਸਿੱਖ ਧਰਮ ਪਰਮਾਤਮਾ ਪ੍ਰਤੀ ਪੂਰਨ ਸਮਪਰਣ ਵਾਲੀ ਇੱਕ ਜੀਵਨ-ਜਾਚ ਹੈ ਕਿ ਮਨੁੱਖ ਨੇ ਇਸ ਸੰਸਾਰ ਤੇ ਕਿਹੋ ਜਿਹਾ ਅਤੇ ਕਿਵੇਂ ਜੀਵਨ ਬਤੀਤ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਥੇ ਅਧਿਆਤਮਕ ਅਨੁਭਵ ਦਾ ਰਸਤਾ ਦੱਸਦੀ ਹੈ ਉਥੇ ਨਾਲ ਹੀ ਜੀਵਨ ਦਾ ਮਾਰਗ ਦਸਦੀ ਹੈ ਕਿ ਗੁਰੂ-ਵਰੋਸਾਏ ਹੋਕੇ ਜਿਉਣਾ ਕਿਵੇਂ ਹੈ।ਇਹ ਸੰਸਾਰ ਵਿਕਾਰਾਂ ਨਾਲ, ਬੁਰਾਈਆਂ ਨਾਲ ਭਰਿਆ ਹੋਇਆ ਹੈ ਜਿਸ ਨਾਲ ਮਨੁੱਖ ਨੇ ਯੁੱਧ ਕਰਨਾ ਹੈ। ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਹੈ ਕਿ ਮਰਣਾ ਸੂਰਮਿਆਂ ਦਾ ਹੱਕ ਹੈ। ਪਤਿ-ਸੇਤੀ ਜਿਉਣ ਲਈ ਮਰਨਾ ਪੈਂਦਾ ਹੈ। ਬਾਬਾ ਫਰੀਦ ਕਹਿੰਦੇ ਹਨ ਕਿ ਗ਼ੁਲਾਮੀ ਦਾ ਜੀਵਨ ਜਿਉਣਾ, ਪਰਾਇਆਂ ਵੱਸ ਹੋਕੇ ਜਿਉਣਾ ਸਭ ਤੋਂ ਬੁਰਾ ਹੈ। ਅਜਿਹੇ ਜੀਵਨ ਨਾਲੋਂ ਮੌਤ ਚੰਗੀ ਹੈ।ਭਗਤ ਕਬੀਰ ਕਹਿੰਦੇ ਹਨ ਕਿ ਜੋ ਮਨੁੱਖ ਇਸ ਜਗਤ-ਰੂਪ ਰਣਭੂਮੀ ਵਿੱਚ ਦਲੇਰ ਹੋਕੇ ਬੁਰਾਈ ਦੇ ਮੁਕਾਬਲੇ ਵਿੱਚ ਅੜ ਕੇ ਖਲੋ ਜਾਂਦਾ ਹੈ ਕਿ ਹੁਣ ਸਮਾ ਹੈ ਲੜਨ ਦਾ,ਉਹ ਅਸਲੀ ਸੂਰਮਾ ਹੈ।ਜਦੋਂ ਨਿਸ਼ਾਨੇ ਤੇ ਚੋਟ ਪੈਂਦੀ ਹੈ, ਧੌਂਸਾ ਵੱਜਦਾ ਹੈ ਤਾਂ ਉਸਦੇ ਅੰਦਰ ਜੂਝਣ ਦੀ ਧੂਹ ਪੈਂਦੀ ਹੈ।ਉਹ ਮਨੁੱਖ ਸੂਰਮਾ ਹੈ ਜੋ ਗ਼ਰੀਬਾਂ ਦੀ ਖ਼ਾਤਰ, ਦੀਨ-ਦੁਖੀ ਦੀ ਖ਼ਾਤਰ ਲੜਦਾ ਹੈ।ਉਹ ਪੁਰਜਾ ਪੁਰਜਾ ਕੱਟ ਕੇ ਮਰ ਜਾਂਦਾ ਹੈ ਪਰ ਲੜਾਈ ਦਾ ਮੈਦਾਨ ਨਹੀਂ ਛੱਡਦਾ। ਆਪਣੇ ਜਾਨ ਬਚਾਉਣ ਲਈ ਗ਼ਰੀਬ ਦੀ ਫੜੀ ਬਾਂਹ ਨਹੀਂ ਛੱਡਦਾ:-

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਡਿਓ ਸੂਰਮਾ ਅਬ ਜੂਝਨ ਕੋ ਦਾਉ॥1॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।2॥2॥(ਪੰ.1105)

ਉਪਰ ਕੀਤੀ ਵਿਚਾਰ ਚਰਚਾ ਤੋਂ ਜੋ ਨੁਕਤੇ ਉਜਾਗਰ ਹੁੰਦੇ ਹਨ, ਉਹ ਇਸ ਤਰ੍ਹਾਂ ਹਨ:

1.ਪਹਿਲਾ ਨੁਕਤਾ ਇਹ ਹੈ ਕਿ ਪਰਮਾਤਮਾ ਨੂੰ ਪਾਉਣ ਲਈ ਉਸਦਾ ਪ੍ਰੇਮ ਮੁਢਲਾ ਨਿਯਮ ਹੈ। ਉਸ ਕਰਤਾ ਪੁਰਖ ਦੇ ਪ੍ਰੇਮ ਤੋਂ ਹੀ ਉਸਦੀ ਰਚਨਾ ਭਾਵ ਸ੍ਰਿਸ਼ਟੀ ਵਾਸਤੇ, ਮਨੁੱਖਤਾ ਵਾਸਤੇ ਪ੍ਰੇਮ ਪੈਦਾ ਹੁੰਦਾ ਹੈ।ਉਸ ਤੱਕ ਪਹੁੰਚਣ ਦਾ ਰਸਤਾ ਪ੍ਰੇਮ ਦਾ ਰਸਤਾ ਹੈ ਜਿਵੇਂ ਕਿ ਬਾਣੀ ਵਿੱਚ ਦੱਸਿਆ ਹੈ। ਇਸ ਪ੍ਰੇਮ ਦੇ ਰਸਤੇ ਦਾ ਪਾਂਧੀ ਹੋਣ ਕਰਕੇ ਹੀ ਸਿੱਖ ਰੋਜਾਨਾ ਅਰਦਾਸ ਵਿੱਚ 'ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ' ਲਈ ਜੋਦੜੀ ਕਰਦਾ ਹੈ।

2.ਦੂਸਰਾ ਨੁਕਤਾ ਇਹ ਸਾਹਮਣੇ ਆਉਂਦਾ ਹੈ ਕਿ'ਪ੍ਰੇਮ ਦਾ ਮਾਰਗ' ਪੂਰਨ ਸਮਰਪਣ ਦਾ ਮਾਰਗ ਹੈ। ਇਸ ਰਾਹ ਤੇ ਚੱਲਣ ਵਾਲੇ ਨੂੰ ਸਿਰ ਤਲੀ ਤੇ ਰੱਖ ਕੇ ਆਉਣ ਦਾ ਆਦੇਸ਼ ਹੈ।ਇਹ ਪੂਰਾ ਅਹਿਦ ਹੈ, ਇਕਰਾਰਨਾਮਾ ਹੈ ਜਿਸ ਵਿੱਚ

ਤਨ, ਮਨ, ਇੱਛਾ, ਧਨ, ਕਰਮ ਸਭ ਕੁੱਝ ਪਰਮਾਤਮਾ ਦੇ ਸਪੁਰਦ ਹੈ, ਉਸਨੂੰ ਸਮਰਪਣ ਹੈ। ਮਨੁੱਖ ਦਾ ਸਿਰ ਉਸਦੇ 'ਅਹੰ' ਦਾ ਚਿੰਨ੍ਹ ਹੈ, ਇਸ ਹਉਂ ਨੂੰ ਪੱਕੇ ਤੌਰ ਤੇ, ਪੂਰੀ ਤਰ੍ਹਾਂ ਕੱਢ ਦੇਣਾ ਹੈ।ਇਸ ਵਿੱਚ ਕਿਸੇ ਭਰਮ ਦੀ ਜਾਂ ਦੂਈ ਦੀ ਗੁੰਜਾਇਸ਼ ਨਹੀਂ ਹੈ। ਇਹ ਗੁਰਮੁਖਿ ਦਾ ਰਸਤਾ ਹੈ ਜਿਥੇ ਆਪਣੀ ਇੱਛਾ ਗੁਰੂ-ਇੱਛਾ ਵਿੱਚ, ਪਰਮਾਤਮ-ਇੱਛਾ ਵਿੱਚ ਵਿਲੀਨ ਹੋ ਜਾਣੀ ਹੈ। ਇਸੇ ਨੂੰ ਜਪੁਜੀ ਵਿੱਚ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਕਿਹਾ ਹੈ। ਗੁਰਮੁਖਿ ਆਪਣਾ ਜੀਵਨ ਗੁਰੂ ਦਾ ਅਨੁਸਾਰੀ ਹੋਕੇ ਜਿਉਂਦਾ ਹੈ ਅਤੇ ਸਿੱਖ ਧਰਮ ਵਿੱਚ ਗੁਰੂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਥੇ ਵਿਅਕਤੀ ਆਪਣੀਆਂ ਸਾਰੀਆਂ ਸੀਮਾਵਾਂ, ਰੁਕਾਵਟਾਂ ਨੂੰ ਪਾਰ ਕਰ ਜਾਂਦਾ ਹੈ।

3.ਤੀਸਰਾ ਨੁਕਤਾ ਇਹ ਹੈ ਕਿ ਮਨੁੱਖ ਇਸ ਰਸਤੇ ਤੇ ਤੁਰਨ ਲਈ ਸੁਤੰਤਰ ਹੈ, ਆਜ਼ਾਦ ਹੈ। ਚੋਣ ਕਰਨ ਦੀ ਉਸਨੂੰ ਪੂਰੀ ਖੁਲ੍ਹ ਹੈ।ਉਸ ਨੂੰ ਪੂਰਾ ਅਧਿਕਾਰ ਹੈ, ਕੋਈ ਬੰਧਨ ਨਹੀਂ। ਸਗੋਂ ਉਸ ਨੂੰ ਪਹਿਲਾਂ ਹੀ ਅਗਾਹ ਕਰ ਦਿੱਤਾ ਹੈ ਕਿ ਪ੍ਰੇਮ ਦਾ ਇਹ ਮਾਰਗ ਅਤਿ ਕਠਿਨ ਹੈ, ਜਿਸ ਵਿੱਚ ਮੁਸ਼ਕਲਾਂ ਹੀ ਮੁਸ਼ਕਲਾਂ ਹਨ।ਉਸ ਦੇ ਸਾਹਮਣੇ ਸੰਭਾਵਨਾਵਾਂ ਵੀ ਰੱਖ ਦਿੱਤੀਆਂ ਹਨ।ਇਸ ਵਿੱਚ 'ਇੱਛਾ' ਸ਼ਾਮਲ ਹੈ।ਜੇ ਉਸਨੂੰ ਚੰਗਾ ਲਗਦਾ ਹੈ, ਉਸਨੂੰ ਕੋਈ ਪ੍ਰੇਰਨਾ ਮਿਲਦੀ ਹੈ, ਉਤਸ਼ਾਹ ਮਿਲਦਾ ਹੈ ਅਤੇ ਉਸ ਵਿੱਚ ਹੌਸਲਾ ਹੈ ਤਾਂ ਹੀ ਉਹ ਇਸ ਰਸਤੇ ਤੇ ਕਦਮ ਰੱਖਦਾ ਹੈ।

4. ਚੌਥਾ ਨੁਕਤਾ ਜੋ ਇਸ ਵਿਚਾਰ-ਚਰਚਾ ਵਿੱਚੋਂ ਨਤੀਜੇ ਵੱਜੋਂ ਸਾਹਮਣੇ ਆਉਂਦਾ ਜਾਪਦਾ ਹੈ, ਉਹ ਹੈ ਕਿ ਇਸ ਵਿੱਚ ਵਿਚਾਰ, ਸੋਚ ਸ਼ਾਮਲ ਹੈ। ਜਿਹੜਾ ਰਾਹ ਚੋਣ, ਇਕਰਾਰ, ਪੂਰਨ ਸਮਰਪਣ ਨਾਲ ਸਬੰਧਤ ਹੈ ਉਹ ਅੰਧਾ-ਧੁੰਦ ਪਿੱਛੇ ਲੱਗਣਾ( blind following) ਨਹੀਂ ਹੋ ਸਕਦਾ।ਇਸੇ ਕਰਕੇ ਬਾਣੀ ਵਿੱਚ "ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਣ" ਦੀ ਗੱਲ ਕੀਤੀ ਹੈ।ਅਕਲ ਵੀਚਾਰ ਦਾ ਸਿਖਰ ਹੈ। ਜਿਸ ਰਸਤੇ ਤੇ ਚੱਲਣ ਲਈ ਸਿਰ ਤਲੀ ਤੇ ਧਰਨਾ ਪਵੇ, ਜਿਸ ਤੇ ਚੱਲਣ ਲਈ ਪੂਰਨ ਸਮਰਪਣ ਕਰਨਾ ਪਵੇ ਉਹ ਰਸਤਾ ਇਨਸਾਨ ਨੂੰ ਸੌ ਵਾਰ ਸੋਚਣ ਅਤੇ ਵਿਚਾਰਨ ਲਈ ਪ੍ਰੇਰਦਾ ਹੈ।

5. ਅਗਲੀ ਗੱਲ ਜੋ ਗ਼ੌਰ ਕਰਨ ਵਾਲੀ ਹੈ ਅਤੇ ਸਭ ਤੋਂ ਵੱਧ ਮਹੱਤਵਪੂਰਨ ਹੈ, ਕਿ ਇੱਕ ਵਾਰ ਜਦੋਂ ਜਗਿਆਸੂ ਇਸ ਰਾਹ ਤੇ ਚੱਲ ਪਿਆ, ਉਸ ਨੇ ਇਸ ਮਾਰਗ ਤੇ ਪੈਰ ਧਰ ਲਿਆ ਫਿਰ ਇਸ ਤੋਂ ਵਿਚਲਤ ਹੋਣ ਦਾ , ਪਿੱਛੇ ਮੁੜਨ ਦਾ ਕੋਈ ਮਾਜ਼ਰਾ ਨਹੀਂ ਹੈ।ਫਿਰ ਤਾਂ ਭਗਤ ਕਬੀਰ ਜੀ ਦੇ ਸ਼ਬਦਾਂ ਵਿੱਚ ਭਰਮ ਛੱਡਕੇ ਪਰਗਟ ਹੋਕੇ ਨਚਣਾ ਬਣਦਾ ਹੈ। ਉਹ ਸੂਰਮਾ ਕਾਹਦਾ ਹੈ ਜਿਹੜਾ ਸਾਹਮਣੇ ਜੰਗ ਹੁੰਦੀ ਦੇਖ ਕੇ ਰਣ-ਤੱਤੇ ਤੋਂ ਡਰ ਕੇ ਭੱਜੇ ਅਤੇ ਉਹ ਸਤੀ ਕਾਹਦੀ ਜਿਹੜੀ ਮੌਕਾ ਆਉਣ ਤੇ ਭਾਂਡੇ ਸਾਂਭਣ ਲੱਗ ਪਵੇ।ਕਿਉਂਕਿ:

ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ॥ (ਪੰ.338)

ਜਗਿਆਸੂ ਤੋਂ ਗੁਰੂ ਵੱਲ ਮੂੰਹ ਕਰਕੇ ਚੱਲਣ ਦੀ ਆਸ਼ਾ ਕੀਤੀ ਜਾਂਦੀ ਹੈ।ਰਸਤੇ ਤੋਂ ਮੁੱਖ ਮੋੜਨਾ ਗੁਰੂ ਤੋਂ ਮੂੰਹ ਫੇਰਨਾ ਹੈ। ਇਹ ਤਾਂ "ਸਿਰ ਦੀਜੈ ਕਾਣ ਨ ਕੀਜੈ" ਦੀ ਸਥਿਤੀ ਹੈ।ਸਿੱਖ ਇਲਹਾਮ ਦਾ ਅਮਲੀ ਪ੍ਰਕਾਸ਼ਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਖ਼ਾਲਸਾ ਸਾਜ ਕੇ ਕੀਤਾ। ਸਿੱਖ ਇਲਹਾਮ ਦਾ ਪ੍ਰਕਾਸ਼ਨ ਇਤਿਹਾਸਕ ਘਟਨਾਵਾਂ ਦੇ ਰੂਪ ਵਿੱਚ ਨਹੀਂ ਹੋਇਆ ਪਰ ਸਿੱਖ ਇਲਹਾਮ ਨੇ ਇਤਿਹਾਸ ਸਿਰਜਿਆ ਹੈ, ਜਿਸ ਦੀ ਗਵਾਹੀ ਸਾਰੇ ਸੰਸਾਰ ਦੇ ਸਾਹਮਣੇ ਹੈ।

ਇਸ ਤਰ੍ਹਾਂ ਇਸ ਰਸਤੇ ਤੇ ਚੱਲਣ ਦਾ ਅਰਥ ਹੈ ਇੱਜ਼ਤ ਨਾਲ ਜਿਉਣਾ, ਇਕ ਸਨਮਾਨ ਵਾਲਾ ਜੀਵਨ ਜਿਸ ਵਿੱਚ ਸਵੈਮਾਣ ਸ਼ਾਮਲ ਹੈ। ਸਵੈਮਾਣ ਤੋਂ ਬਿਨਾ ਜਿਉਣਾ ਬੇਕਾਰ ਹੈ। ਇਸ ਰਸਤੇ ਤੇ ਚੱਲਦਿਆਂ ਸਿਰਫ਼ ਆਪਣੀ ਆਜ਼ਾਦੀ, ਆਪਣੇ ਸਵੈਮਾਣ, ਆਪਣੇ ਗੌਰਵ, ਸਤਿਕਾਰ ਨੂੰ ਹੀ ਕਾਇਮ ਨਹੀਂ ਰੱਖਣਾ ਸਗੋਂ ਦੂਸਰਿਆਂ ਦੇ ਮਾਣ, ਸਨਮਾਨ, ਸਵੈਮਾਣ, ਆਜ਼ਾਦੀ, ਗੌਰਵ ਨੂੰ ਵੀ ਕਾਇਮ ਰੱਖਣਾ ਹੈ ਇਸ ਰਾਹ ਤੇ ਚੱਲਣ ਵਾਲੇ ਸਰਬੱਤ ਦੇ ਭਲੇ ਲਈ, ਸਰਬਤ ਦੇ ਇਨਸਾਫ ਲਈ ਲੜਨਾ ਹੈ।ਇਹ all inclusive model ਹੈ, ਸਰਬ-ਅਲਿੰਗਨਕਾਰੀ ਮਾਡਲ ਹੈ।ਸਿੱਖ ਦਾ ਜੀਵਨ ਇਸ ਦਾ ਅਮਲੀ ਪ੍ਰਕਾਸ਼ਨ ਹੈ। ਇਥੇ ਹੀ ਸਿੱਖ ਚਿੰਤਨ ਵਿੱਚ ਸ਼ਹਾਦਤ ਦਾ ਸੰਕਲਪ ਰੂਪਮਾਨ ਹੁੰਦਾ ਹੈ।ਇਹ ਭਾਰਤੀ ਅਧਿਆਤਮਕ ਪ੍ਰੰਪਰਾਵਾਂ ਦੇ ਸੰਧਰਵ ਵਿੱਚ ਬਿਲਕੁਲ ਹੀ ਇੱਕ ਨਿਵੇਕਲਾ, ਵਿਲੱਖਣ ਅਤੇ ਨਵਾਂ ਸੰਕਲਪ ਹੈ, ਕਿਉਂਕਿ ਸਿੱਖ ਧਰਮ ਦੇ ਪ੍ਰਕਾਸ਼ਨ ਤੋਂ ਪਹਿਲਾਂ ਹਿੰਦੁਸਤਾਨ ਦੀਆਂ ਧਾਰਮਿਕ ਪ੍ਰੰਪਰਾਵਾਂ ਵਿੱਚ 'ਬਲੀ' ਦੀ ਪ੍ਰੰਪਰਾ ਮਿਲਦੀ ਹੈ, ਸ਼ਹਾਦਤ ਦੀ ਨਹੀਂ। 'ਸ਼ਹਾਦਤ' ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਮੂਲ 'ਸ਼ਾਹਦ' ਹੈ। ਸ਼ਹਾਦਤ ਦਾ ਅਰਥ ਹੈ ਸੱਚ ਦਾ ਗਵਾਹ। ਸ਼ਹੀਦ ਇਸ ਦਾ ਪੰਜਾਬੀ ਰੂਪ ਹੈ।ਸਿੱਖ ਅਦਰਸ਼ ਮੁਤਾਬਕ ਜਗਿਆਸੂ ਤੋਂ ਸੱਚ ਤੇ ਖੜਾ ਹੋਣ ਦੀ ਆਸ ਕੀਤੀ ਜਾਂਦੀ ਹੈ।ਸ਼ਹਾਦਤ ਵਿੱਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਦੀ ਮਰਜ਼ੀ ਸ਼ਾਮਲ ਹੈ। 'ਬਲੀ' ਨਾਲ ਸਬੰਧਤ ਵਸਤੂ ਮਨੁੱਖ ਤੋਂ ਲੈਕੇ ਕੋਈ ਵੀ ਵਸਤੂ, ਕੋਈ ਜਾਨਵਰ ਵੀ ਹੋ ਸਕਦਾ ਹੈ। ਇਸ

ਵਿੱਚ ਜਿਸ ਦੀ ਬਲੀ ਦਿੱਤੀ ਜਾਣੀ ਹੈ, ਉਸ ਦੀ ਇੱਛਾ ਸ਼ਾਮਲ ਨਹੀਂ ਹੈ, ਉਹ ਬਲੀ ਲਈ ਚੁਣੇ ਜਾਣ ਲਈ ਸੁਤੰਤਰ ਨਹੀਂ ਹੈ।ਬਲੀ ਦੀ ਵਸਤੂ ਬਾਹਰਲੇ ਸਾਧਨ ਭਾਵ ਕਿਸੇ ਦੂਸਰੇ ਵੱਲੋਂ ਦਿੱਤੀ ਜਾਂਦੀ ਹੈ।ਇਹ ਬਾਹਰੋਂ ਠੋਸਿਆ ਹੋਇਆ ਕਾਰਜ ਹੈ ਜਦ ਕਿ ਸ਼ਹਾਦਤ  ਬਾਹਰੋਂ ਠੋਸੀ ਨਹੀਂ ਜਾਂਦੀ। ਇਸ ਵਿੱਚ ਵਿਅਕਤੀ ਦੀ ਮਰਜ਼ੀ ਸ਼ਾਮਲ ਹੈ।ਸ਼ਹਾਦਤ ਦਾ ਰਾਹ ਚੁਣਿਆ ਹੋਇਆ ਰਾਹ ਹੈ। ਇਸ ਵਿੱਚ ਅਹਿਦ, ਪ੍ਰੇਮ, ਸਮਰਪਣ ਸ਼ਾਮਲ ਹੈ।ਇਸ ਨੂੰ ਪ੍ਰਾਪਤ ਕਰਨ ਦੇ ਯੋਗ ਹੋਣਾ ਪੈਂਦਾ ਹੈ। ਇਹ ਯੋਗਤਾ-ਮੂਲਕ ਪ੍ਰਾਪਤੀ ਹੈ।ਇਹ ਕਿਉਂਕਿ ਸੱਚ ਦੀ ਗਵਾਹੀ ਹੈ, ਸੱਚ ਤੋਂ ਭਾਵ ਸਰਬ-ਵਿਆਪਕ, ਉਚਤਮ ਸਤਿ ਹੈ, ਇਸ ਲਈ ਇਸ ਦਾ ਘੇਰਾ ਬਹੁਤ ਵਿਸ਼ਾਲ ਹੈ ਜਿਸ ਵਿੱਚ ਸਾਰੀ ਮਨੁੱਖਤਾ ਸ਼ਾਮਲ ਹੈ।ਇਹ ਸਰਬੱਤ ਦੇ ਭਲੇ ਲਈ ਲੜਾਈ ਹੈ। ਸ਼ਹਾਦਤ ਦੇ ਇਸ ਸੰਕਲਪ ਦਾ ਅਮਲੀ ਪ੍ਰਕਾਸ਼ਨ ਸਿੱਖ ਗੁਰੂ ਸਾਹਿਬਾਨ ਦੇ ਆਪਣੇ ਜੀਵਨ ਵਿੱਚ ਹੋਇਆ ਜਿਸ ਦੀ ਉਦਾਹਰਣ ਗੁਰੂ ਅਰਜਨ ਦੇਵ ਅਤੇ ਨੌਂਵੇਂ ਗੁਰੂ ਤੇਗ ਬਹਾਦਰ ਹਨ।ਸਿੱਖ ਧਰਮ ਵਿੱਚ ਸ਼ਹਾਦਤ ਤੇ ਵੱਖਰਾ ਪਰਚਾ ਲਿਖਿਆ ਜਾ ਸਕਦਾ ਹੈ ਇਥੇ ਵਿਸਥਾਰ ਵਿੱਚ ਜਾਣ ਦੀ ਗੁੰਜਾਇਸ਼ ਨਹੀਂ ਹੈ।

(4) The Sikh Back-ground of S. Bhagat Singh's Family:-

ਆਮ ਹੀ ਇਤਿਹਾਸਕਾਰਾਂ ਵੱਲੋਂ ਸਰਦਾਰ ਭਗਤ ਸਿੰਘ ਦੇ ਪਰਿਵਾਰ ਨੂੰ ਆਰੀਆਸਮਾਜੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਸਰਦਾਰ ਭਗਤ ਸਿੰਘ ਦਾ ਖ਼ਾਨਦਾਨ ਜਿੱਥੇ ਮੁਢੋਂ-ਸੁਢੋਂ ਇਨਕਲਾਬੀ ਸੀ ਉਥੇ ਸਿੱਖੀ ਵਿੱਚ ਪੂਰਨ ਵਿਸ਼ਵਾਸ਼ ਵਾਲਾ ਵੀ ਸੀ। ਬ੍ਰਿਟਿਸ਼ ਰਾਜ ਦੇ ਜ਼ੁਲਮਾਂ ਦੀ ਕਹਾਣੀ ਦੇ ਸੰਧਰਵ ਵਿੱਚ 'ਪੱਗੜੀ ਸੰਭਾਲ ਜੱਟਾ ਲਹਿਰ' ਦਾ ਜ਼ਿਕਰ ਕਰਦਿਆਂ, ਸਰਦਾਰ ਭਗਤ ਸਿੰਘ ਦੇ ਚਾਚਾ ਮਸ਼ਹੂਰ ਗ਼ਦਰੀ ਸਰਦਾਰ ਅਜੀਤ ਸਿੰਘ ਜਿਸ ਦੇ ਨਾਇਕ ਸਨ, ਸਰਦਾਰ ਭਗਤ ਸਿੰਘ ਦੇ ਪੜਦਾਦਾ ਸਰਦਾਰ ਫਤਿਹ ਸਿੰਘ ਦੇ ਐਂਗਲੋ-ਸਿੱਖ ਲੜਾਈਆਂ ਵਿੱਚ ਖ਼ਾਲਸਾ ਫੋਜ ਵੱਲੋਂ ਹਿੱਸਾ ਲੈਣ ਦੀ ਗੱਲ ਕੀਤੀ ਸੀ।ਇਸ ਤੱਥ ਦਾ ਜ਼ਿਕਰ ਸਰਦਾਰ ਅਜੀਤ ਸਿੰਘ, ਸ਼ਹੀਦ ਭਗਤ ਸਿੰਘ ਦੇ ਚਾਚਾ ਨੇ ਆਪਣੀ ਪੁਸਤਕ ਵਿੱਚ ਕੀਤਾ ਹੈ,

"One of my forefathers seeing that the foreigners after the death of Ranjit Singh, Maharaja of the Punjab, had begun the mischievious game of usurping tile lights of the people and of enslaving the inhabitants of the only leally national independent country in the continent of India i.e., the Punjab, resolved to take up arms for repelling British intruders. He joined the forces that were fighting against the British, and took valiant part in famous battles at Mudki 2, Aliwal 3, and Sabraon 4. As a result of fighting against British the Jgirs held by our family got reduced. But when some Chiefs and Rajas went to help the Britishers in 1857 against their own compatriots who were fighting a war of independence sacrificing their lives for the liberation of their countrymen from the terrible yoke of the English imperialists, Sardar Fateh Singh, my dear grand father was invited by the Majithia Sardar Surat Singh the father of late Sunder Singh He bluntly refused to take up such an abject task. He was told by S. Surat Singh that the lost Jagirs of family would be recovered or substituted by others if he accompanied him to fight against the troops."

ਸਰਦਾਰ ਅਜੀਤ ਸਿੰਘ ਵੱਲੋਂ ਆਪਣੀ ਪੁਸਤਕ ਵਿੱਚ ਦੱਸੀ ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਸਰਦਾਰ ਫਤਿਹ ਸਿੰਘ ਇੱਕ ਸੱਚੇ ਸਿੱਖ ਭਾਵ ਸੰਤ-ਸਿਪਾਹੀ ਸਨ ਜਿਨ੍ਹਾਂ ਨੇ ਭਾਰਤ ਉਪ-ਮਹਾਂਦੀਪ ਵਿੱਚ ਇੱਕੋ-ਇੱਕ ਸੁਤੰਤਰ ਰਾਜ (ਸਿੱਖ ਰਾਜ) ਨੂੰ ਗ਼ੁਲਾਮੀ ਤੋਂ ਬਚਾਉਣ ਲਈ ਐਂਗਲੋ-ਸਿੱਖ ਲੜਾਈਆਂ ਵਿੱਚ ਹਿੱਸਾ ਲਿਆ, ਆਪਣੀ ਪਰਿਵਾਰਕ ਜਾਗੀਰ ਕੁਰਕ ਕਰਵਾਈ। ਇਹੀ ਨਹੀਂ ਜਿੱਥੇ ਕਈ ਸਰਦਾਰਾਂ ਨੇ ਆਪਣੀਆਂ ਜਾਗੀਰਾਂ ਵਾਪਸ ਲੈਣ ਲਈ 1857 ਦੇ ਗ਼ਦਰ ਵੇਲੇ ਅੰਗਰੇਜ਼ਾਂ ਦੇ ਲਾਲਚ ਦੇਣ ਤੇ ਅੰਗਰੇਜ਼ਾਂ ਦਾ ਸਾਥ ਦਿੱਤਾ, ਉਥੇ ਸਰਦਾਰ ਫਤਿਹ ਸਿੰਘ ਨੇ ਇਸ ਨੂੰ ਆਪਣੇ ਲੋਕਾਂ ਨਾਲ ਗ਼ਦਾਰੀ ਸਮਝਦੇ ਹੋਏ ਇਸ ਵਿੱਚ ਹਿੱਸਾ ਨਹੀਂ ਲਿਆ, ਜਾਗੀਰ ਵਾਪਸ ਲੈਣ ਦੇ ਲਾਲਚ ਵਿੱਚ ਵੀ ਨਹੀਂ ਆਏ। ਇਸ ਤੋਂ ਉਨ੍ਹਾਂ ਦਾ ਇੱਕ ਚੰਗੇ ਸਿੱਖ ਹੋਣ ਦਾ ਸਬੂਤ ਵੀ ਮਿਲਦਾ ਹੈ।

ਸਰਦਾਰ ਅਜੀਤ ਸਿੰਘ ਨੇ ਆਪ ਅੰਮ੍ਰਿਤਧਾਰੀ ਹੋਣ ਦਾ ਅਤੇ ਆਪਣੇ ਪੁਰਖਿਆਂ ਦੇ ਅੰਮ੍ਰਿਤਧਾਰੀ ਸਿੱਖ ਹੋਣ ਦਾ ਜ਼ਿਕਰ ਵੀ ਆਪਣੀ ਇਸ ਪੁਸਤਕ ਵਿੱਚ ਕੀਤਾ ਹੈ।ਸਰਦਾਰ ਅਜੀਤ ਸਿੰਘ ਅਨੁਸਾਰ "ਉਹ

ਅਤੇ ਉਨ੍ਹਾਂ ਦੇ ਵੱਡੇ ਭਰਾ (ਸਰਦਾਰ ਕਿਸ਼ਨ ਸਿੰਘ ਸ਼ਹੀਦ ਭਗਤ ਸਿੰਘ ਦੇ ਪਿਤਾ) ਬਚਪਨ ਵਿੱਚ ਅਨੰਦ ਪੁਰ ਅੰਮ੍ਰਿਤ (ਖੰਡੇ ਦੀ ਪਾਹੁਲ) ਛਕਣ ਲਈ ਗਏ ਸੀ। ਇਹ ਹੋਲੀ ਦਾ ਮੌਕਾ ਸੀ ਜਿਸ ਨੂੰ ਸਿੱਖਾਂ ਦੇ ਤਿਉਹਾਰ ਦੇ ਰੂਪ ਵਿੱਚ ਹੋਲਾ ਕਿਹਾ ਜਾਂਦਾ ਹੈ। ਅਜੀਤ ਸਿੰਘ ਨੂੰ ਬਚਪਨ ਦੀ ਇਹ ਘਟਨਾ ਬਹੁਤ ਚੰਗੀ ਤਰ੍ਹਾਂ ਯਾਦ ਹੈ ਜਦੋਂ ਉਨ੍ਹਾਂ ਨੂੰ ਸਿੰਘ ਸਜਾਉਣ ਅਤੇ ਅਮਰ ਹੋ ਜਾਣ ਲਈ ਮਿੱਠਾ ਅੰਮ੍ਰਿਤ ਛਕਾਇਆ ਗਿਆ, ਇਸਦੇ ਕੁੱਝ ਛਿੱਟੇ ਉਨ੍ਹਾਂ ਦੇ ਚਿਹਰੇ ਤੇ ਵੀ ਪਵਿੱਤਰ ਕਰਨ ਦੇ ਚਿੰਨ੍ਹ ਵੱਜੋਂ ਮਾਰੇ ਗਏ। ਇਸ ਰਸਮ ਵਿੱਚੋਂ ਜੋ ਇਨਸਾਨ ਵੀ ਗੁਜ਼ਰਦਾ ਹੈ ਉਸਨੂੰ ਇਹ ਰਸਮ ਦ੍ਰਿੜ ਕਰਾਉਂਦੀ ਹੈ ਕਿ ਉਸਨੇ ਮੌਤ ਦਾ ਭੈ ਨਹੀਂ ਖਾਣਾ, ਦੂਸਰਿਆਂ ਨੂੰ ਦਬਾਉਣ ਵਾਲਿਆਂ, ਦੂਸਰਿਆਂ ਤੇ ਜ਼ੁਲਮ ਕਰਨ ਵਾਲੇ ਜ਼ਾਲਮਾ ਅਤੇ ਧੱਕੜਾਂ ਦੇ ਖ਼ਿਲਾਫ ਲੜਨਾ ਹੈ ਅਤੇ ਕਮਜ਼ੋਰਾਂ, ਗ਼ਰੀਬਾਂ, ਬਜ਼ੁਰਗਾਂ, ਬੱਚਿਆਂ ਦੀ ਰੱਖਿਆ ਅਤੇ ਇਸਤ੍ਰੀਆਂ ਦੀ ਇਜ਼ਤ ਦੀ ਰੱਖਿਆ ਕਰਨੀ  ਹੈ। ਅੰਮ੍ਰਿਤ ਛਕਣ ਦੇ ਸਮੇ ਤੋਂ ਅੰਮ੍ਰਿਤਧਾਰੀ ਨੇ ਮਨ ਅਤੇ ਸਰੀਰ ਵੱਲੋਂ ਪਵਿੱਤਰ ਰਹਿਣਾ ਹੈ। ਇਹੀ ਕਾਰਨ ਹੈ ਕਿ ਸਿੱਖਾਂ ਨੂੰ ਖ਼ਾਲਸਾ ਕਿਹਾ ਜਾਂਦਾ ਹੈ ਭਾਵ ਸ਼ੁਧ ਕਿਹਾ ਜਾਂਦਾ ਹੈ। ਰਸਮ ਤੋਂ ਬਾਅਦ ਜਿਹੜੇ ਬਾਹਰੋਂ ਤਾਂ ਖ਼ਾਲਸਾ ਸਰੂਪ ਰੱਖਦੇ ਹਨ ਪਰ ਅੰਦਰੋਂ ਕਪਟੀ ਹਨ ਉਹ ਪੰਥ ਅਤੇ ਅੰਮ੍ਰਿਤ ਵਰਗੇ ਪਵਿੱਤਰ ਕਾਰਜ ਲਈ ਬਦਨਾਮੀ ਖੱਟਦੇ ਹਨ। ਇਹ ਗੁਰੂ ਵੱਲੋਂ ਸਿੱਖਿਆ ਦਿੱਤੀ ਗਈ ਹੈ। ਹੋਲੇ ਦੇ ਤਿਉਹਾਰ ਤੇ ਸ਼ਾਮਲ ਹੋਣ ਵਾਲੇ ਸਭ ਦੇ ਕੱਪੜਿਆਂ ਅਤੇ ਚਿਹਰੇ ਤੇ ਲਾਲ ਰੰਗ ਪਾਇਆ ਜਾਂਦਾ ਹੈ ਜਿਸ ਨੂੰ ਗ਼ੁਲਾਲ ਕਹਿੰਦੇ ਹਨ। ਲੋਕਾਂ ਨੂੰ ਨਵੇਂ ਕਪੜੇ ਪਾਏ ਹੋਏ ਅਤੇ ਗ਼ੁਲਾਲ ਨਾਲ ਰੰਗੇ ਹੋਏ ਅੰਮ੍ਰਿਤ ਛਕਣ ਲਈ ਅਨੰਦ ਪੁਰ ਜਾਂਦੇ ਦੇਖਣਾ ਬਹੁਤ ਚੰਗਾ ਲਗਦਾ ਸੀ। ਉਹਨਾਂ ਦੇ ਪਰਿਵਾਰ ਵਿੱਚ ਦਸਵੇਂ ਗੁਰੂ ਦੇ ਸਮੇ ਤੋਂ ਹੀ ਪਰਿਵਾਰ ਦੇ ਪੁਰਸ਼ਾਂ ਨੂੰ ਅਨੰਦ ਪੁਰ ਲੈਕੇ ਜਾਣ ਦਾ ਰਿਵਾਜ ਸੀ, "As a kid I was taken along with my elder brother (father of Bhagat Singh) to Anandpur for the performance of the ceremony of Sikh Baptism which is called Pohal or Amrit chhakna. It was the time of Holi festival which the Sikhs, after their masculine fashion, call Hola. I remember very well the sugar water given to us as a drink for making us Singhs and immortals. A part of it was sprinkled on the faces as a sign of sanctification. This ceremony teaches the person who undergoes it not to fear death, and to fight against the oppressors, tyrants and the unjust people and to protect the weak, the poor, the old, the children and womenfolk from all sorts of molestation. From the day onward one has to be pure in body and heart. This is why the Sikhs are called Khalsa i.e. the pure. After the ceremony is performed those having out-wardly an appearance of the Khalsa but having their heats and sometime their body too full of impurities are a disgrace to the panth and to the sacred cause.[This was] preached by the Guru. On the Hola festival a red colour substance known as Gulal was thrown on the faces and clothes of people joining the festival. It appeared quite lovely to see people with new clothes., faces and bodies besmeared with red colour, going to Anandpur on a festival for the ceremony of Pohal. Our family from the time of tenth Guru always took the male members there.

(5) Final Statements of Sikh Shaheeds (Mewa Singh, Kartar Singh Sarabha, Karam Singh, Bhagat Singh and Udham Singh):-

ਸਰਦਾਰ ਜਗਜੀਤ ਸਿੰਘ ਆਪਣੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵਿੱਚ ਜਿਸ ਤਰ੍ਹਾਂ ਸਿੱਖ ਧਰਮ ਪੰਜਾਬ ਦੇ ਲੋਕਾਂ ਦੀ ਇਨਕਲਾਬੀ ਸ਼ਕਤੀ ਤੇ ਅਸਰ-ਅੰਦਾਜ਼ ਹੋਇਆ, ਬਾਰੇ ਲਿਖਦੇ ਹਨ, "ਸਿੱਖ ਇਨਕਲਾਬੀ ਅੰਦੋਲਨ ਵਿਚ ਹਿੱਸਾ ਲੈਣ ਨੇ ਕੇਂਦਰੀ ਪੰਜਾਬ ਦੇ ਕਿਸਾਨ ਦੀ ਸੁੱਤੀ ਹੋਈ ਰਾਜਸੀ ਇਨਕਲਾਬੀ ਕਲਾ ਨੂੰ ਪਹਿਲੀ ਵੇਰ ਜਗਾਇਆ ਅਤੇ ਇਹ ਪ੍ਰਗਟ ਕੀਤਾ ਕਿ ਉਹ ਕਬਾਇਲੀ ਪੱਧਰ ਤੋਂ ਉਚੇਰੇ ਸਮਾਜਿਕ ਨਿਸ਼ਾਨਿਆਂ ਲਈ ਕਿਤਨੀ ਕੁਰਬਾਨੀ ਕਰ ਸਕਦਾ ਹੈ। ਇਸ ਨੇ ਉਸ ਦੀ ਨਾ-ਸਾਧੀ ਹੋਈ ਦਲੇਰੀ ਨੂੰ ਸਾਧਿਆ ਅਤੇ ਸਾਬਤ ਕੀਤਾ ਕਿ ਜਦ ਕਿਸੇ ਇਨਕਲਾਬੀ ਆਦਰਸ਼ ਦੀ ਉਸ ਨੂੰ ਸੱਚ-ਮੁੱਚ ਪਕੜ ਹੋ ਜਾਵੇ, ਤਾਂ ਉਹ ਕਠਨ ਤੋਂ ਕਠਨ ਔਕੜਾਂ ਵਿਚ ਇਰਾਦੇ ਦੀ ਕਿਤਨੀ ਦਿਰੜਤਾ ਅਤੇ ਪੁਖਤਾਈ ਵਿਖਾ ਸਕਦਾ ਹੈ, ਅਤੇ ਸਾਲਾ-ਬੱਧੀ ਤਸੀਹੇ ਅਤੇ ਮੁਸੀਬਤਾਂ ਝੱਲਣ ਅਤੇ ਢਹਿੰਦੀਆਂ ਕਲਾ

ਵਾਲੇ ਹਾਲਾਤ ਵਿਚੋਂ ਲੰਘਣ ਦੇ ਬਾਵਜੂਦ ਸਮਝੌਤਾ ਕੀਤੇ ਬਗੈਰ ਕਿਸ ਤਰ੍ਹਾਂ ਆਪਣੇ ਨਿਸ਼ਾਨੇ ਵਲ ਅਡੋਲ ਤੁਰੀ ਜਾ ਸਕਦਾ ਹੈ"।(ਪੰ.53)। ਇਸੇ ਦਲੇਰੀ ਦਾ ਪ੍ਰਗਟਾਵਾ ਸਿੱਖ ਗਦਰੀਆਂ ਦੇ ਬਿਆਨਾਂ ਤੋਂ ਹੁੰਦਾ ਹੈ, ਜੋ ਉਨ੍ਹਾਂ ਨੇ ਸਮੇ ਸਮੇ ਦਿੱਤੇ। "ਇਕ ਪਤੀ ਨੇ ਆਪਣੀ ਪਤਨੀ ਨੂੰ ਚਿੱਠੀ (ਜੋ ਸੀ. ਆਈ. ਡੀ. ਦੇ ਹੱਥ ਲੱਗੀ) ਲਿਖੀ ਕਿ '…ਥੋੜੀ ਦੇਰ ਨੂੰ ਇਕ ਵੱਡਾ ਗ਼ਦਰ ਹੋਵੇਗਾ…ਸਾਡੇ ਹੱਥ ਵਿਚ ਤਲਵਾਰ ਅਤੇ ਬੰਦੂਕ ਹੋਵੇਗੀ ਅਤੇ ਅੱਗੇ ਵਧਦੇ ਹੋਏ ਅਸੀਂ ਮਰਾਂਗੇ ਅਤੇ ਮਾਰਾਂਗੇ। ਅਸੀਂ (ਗੁਰੂ) ਗੋਬਿੰਦ ਸਿੰਘ ਦੇ ਸਪੁੱਤ੍ਰ ਹਾਂ।ਜੇ ਜਿਉਂਦੇ ਰਹੇ ਤਾਂ ਮਿਲਾਂਗੇ…,"।(ਪੰ.215-16 ਗ਼ਦਰ ਪਾਰਟੀ ਲਹਿਰ, ਜਗਜੀਤ ਸਿੰਘ)।ਉਦਾਹਰਣ ਲਈ ਇਥੇ ਕੁੱਝ ਇੱਕ ਗ਼ਦਰੀਆਂ ਦੇ ਬਿਆਨਾਂ ਦਾ ਸੰਖੇਪ ਦੇਖਿਆ ਜਾ ਸਕਦਾ ਹੈ।

(ੳ) ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ:-ਭਾਈ ਮੇਵਾ ਸਿੰਘ ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਲੋਪੋਕੇ ਵਿੱਚ 1880 ਵਿੱਚ ਜਨਮੇ ਸਨ ਅਤੇ 1906 ਵਿੱਚ ਕਮਾਈ ਕਰਨ ਦੇ ਇਰਾਦੇ ਨਾਲ ਵੈਨਕੂਵਰ ਆਏ ਸੀ। ਸਰਦਾਰ ਸੋਹਣ ਸਿੰਘ ਪੂਨੀ ਨੇ 'ਕੈਨੇਡਾ ਦੇ ਗ਼ਦਰੀ ਜੋਧੇ' ਪੁਸਤਕ ਵਿੱਚ ਭਾਈ ਮੇਵਾ ਸਿੰਘ ਵੱਲੋਂ ਕੀਤੇ ਕਾਰਜਾਂ ਬਾਰੇ ਜੋ ਵੇਰਵੇ ਦਿੱਤੇ ਹਨ ਅਤੇ ਭਾਈ ਮੇਵਾ ਸਿੰਘ ਦੇ ਕੋਰਟ ਵਿੱਚ ਦਿੱਤੇ ਬਿਆਨਾਂ ਤੋਂ ਉਹਨਾਂ ਦਾ ਸਿੱਖ ਵਿਰਸੇ ਦੇ ਉਤਰਾਧਿਕਾਰੀ ਹੋਣਾ ਸਾਫ ਪਤਾ ਲਗਦਾ ਹੈ, "ਵੈਨਕੂਵਰ ਰਹਿੰਦਿਆਂ ਮੇਵਾ ਸਿੰਘ ਦੀ ਹਿੰਦੁਸਤਾਨੀ ਕਮਿਊਨਿਟੀ  ਦੇ ਦੇਸ਼ ਭਗਤ ਧੜੇ ਨਾਲ ਏਕਤਾ ਹੋ ਗਈ।ਵੈਨਕੂਵਰ ਦਾ ਪਹਿਲਾ ਗੁਦੁਆਰਾ ਬਣਾਉਣ ਲਈ ਆਪ ਨੇ ਹਿੰਦੁਸਤਾਨੀਆਂ ਦੇ ਡੇਰਿਆਂ 'ਤੇ ਜਾਕੇ ਫੰਡ ਇਕੱਠਾ ਕੀਤਾ।ਭਾਈ ਮੇਵਾ ਸਿੰਘ ਨੇ 21 ਜੂਨ, 1908 ਨੂੰ ਵੈਨਕੂਵਰ ਦੇ ਗੁਰਦੁਆਰੇ 'ਚ ਅੰਮ੍ਰਿਤ ਛਕਿਆ।ਆਪ ਧਾਰਮਿਕ ਰੁਚੀਆਂ ਤੇ ਸਾਧੂ ਸੁਭਾ ਵਾਲੇ ਇਨਸਾਨ ਸਨ। ਭਾਈ ਮੇਵਾ ਸਿੰਘ ਵਿਆਹੇ ਨਹੀਂ ਸੀ ਹੋਏ। ਕੰਮ ਤੋਂ ਬਾਅਦ ਇਹ ਆਪਣਾ ਬਹੁਤਾ ਸਮਾਂ ਭਜਨ ਬੰਦਗੀ ਤੇ ਗੁਰਦੁਆਰੇ ਆਏ ਗਏ ਦੀ ਸੇਵਾ ਕਰਨ ਵਿੱਚ ਗੁਜ਼ਾਰਦੇ"(ਪੰ.71)

ਵੈਨਕੂਵਰ ਇਮੀਗਰੇਸ਼ਨ ਡੀਪਾਰਟਮੈਂਟ ਦਾ ਹੈਡ ਮੈਲਕਮ ਰੀਡ ਅਤੇ ਵੈਨਕੂਵਰ ਵਿੱਚ ਹਿੰਦ ਸਰਕਾਰ ਦਾ ਜਾਸੂਸ ਵਿਲੀਅਮ ਹਾਪਕਿਨਸਨ ਕਨੇਡਾ ਅਤੇ ਅਮਰੀਕਾ ਵਿੱਚ ਸਰਗਰਮ ਹਿੰਦੁਸਤਾਨੀ ਦੇਸ਼-ਭਗਤਾਂ ਦੇ ਖ਼ਿਲਾਫ ਕੰਮ ਕਰ ਰਹੇ ਸਨ। ਹਾਪਕਿਨਸਨ ਦੀ ਸ਼ਹਿ ਤੇ ਬੇਲਾ ਸਿੰਘ ਜਿਆਣ ਨੇ 5 ਸਤੰਬਰ, 1914 ਨੂੰ ਕਨੇਡਾ ਦੀ ਗ਼ਦਰ ਪਾਰਟੀ ਦੇ ਮੁੱਖ ਲੀਡਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਉਹਨਾਂ ਦੇ ਸਾਥੀ ਭਾਈ ਬਦਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਹਾਪਕਿਨਸਨ ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਸਿੰਘ ਜਿਆਣ ਦੇ ਹੱਕ ਵਿੱਚ ਵੈਨਕੂਵਰ ਵਿੱਚ ਬੀ.ਸੀ ਦੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਗਵਾਹੀ ਦੇਣ ਜਾ ਰਿਹਾ ਸੀ। 21 ਅਕਤੂਬਰ, 1914 ਨੂੰ ਹਾਪਕਿਨਸਨ ਕੋਰਟ ਰੂਮ ਦੇ ਬਾਹਰ ਸਵੇਰ ਦੇ 10 ਵੱਜ ਕੇ 12 ਮਿੰਟ ਤੇ ਕੰਧ ਨਾਲ ਢੋਅ ਲਾਕੇ ਵਰਾਂਡੇ ਵਿੱਚ ਖੜਾ ਸੀ ਜਦੋਂ ਭਾਈ ਮੇਵਾ ਸਿੰਘ ਨੇ ਗੋਲੀਆਂ ਮਾਰ ਕੇ ਉਸ ਨੂੰ ਖ਼ਤਮ ਕਰ ਦਿੱਤਾ। ਭਾਈ ਮੇਵਾ ਸਿੰਘ ਤੇ ਮੁਕੱਦਮਾ ਚੱਲਿਆ। ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਕਟਿਹਰੇ ਵਿੱਚ ਖੜ੍ਹ ਕੇ ਸਹੁੰ ਚੁੱਕੀ ਅਤੇ ਡੀਫੈਂਸ ਦੇ ਵਕੀਲ ਮਿਸਟਰ ਵੁੱਡ ਵੱਲੋਂ ਪੁੱਛੇ ਸੁਆਲਾਂ ਦੇ ਉੱਤਰ ਦਿੱਤੇ। ਮਿਸਟਰ ਵੁੱਡ ਨੇ ਮੁਕੱਦਮੇ ਦੀ ਸੁਣਵਾਈ ਦੌਰਾਨ ਭਾਈ ਮੇਵਾ ਸਿੰਘ ਦੀ ਸਟੇਟਮੈਂਟ ਪੜ੍ਹ ਕੇ ਸੁਣਾਈ, ਉਹ ਇਸ ਤਰ੍ਹਾਂ ਸੀ, "ਮੇਰਾ ਨਾਂ ਮੇਵਾ ਸਿੰਘ ਹੈ। ਮੈਂ ਰੱਬ ਤੋਂ ਡਰਨ ਵਾਲਾ ਐਸਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹਵੇ ਕਿਹੜੇ ਦੁੱਖ, ਮੁਸੀਬਤਾਂ ਅਤੇ ਪਰੇਸ਼ਾਨੀਆਂ ਝੱਲਣੀਆਂ ਪਈਆਂ ਹਨ।…ਅਸੀਂ ਸਿੱਖ ਗੁਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ, ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾ ਕੇ ਅਤੇ ਭਾਈ ਭਾਗ ਸਿੰਘ ਹੁਰਾਂ ਦਾ ਕਤਲ ਕਰ ਕੇ ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ।ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵੱਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।…ਇਸ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ। ਮੈਂ ਆਪਣੇ ਭਾਈਚਾਰੇ ਅਤੇ  ਆਪਣੇ ਧਰਮ ਦੀ ਅਣਖ ਅਤੇ ਇਜ਼ਤ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ"।

ਸਟੇਟਮੈਂਟ ਵਿੱਚ ਅੱਗੇ ਕਿਹਾ ਹੈ, "…ਜੇ ਇਹ ਸਭ ਕੁੱਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ ਮਰ ਜਾਣਾ ਚੰਗਾ ਹੈ…..". ਇਨ੍ਹਾਂ ਉਪਰ ਦਿੱਤੇ ਸੰਖੇਪ ਵੇਰਵਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਭਾਈ ਮੇਵਾ ਸਿੰਘ ਇੱਕ

ਅੰਮ੍ਰਿਤਧਾਰੀ ਸਿੰਘ ਸਨ। ਉਨ੍ਹਾਂ ਨੇ ਨਾ ਸਿਰਫ ਅੰਮ੍ਰਿਤ ਛਕਿਆ ਹੀ ਸਗੋਂ ਇੱਕ ਸੱਚੇ ਸਿੱਖ ਵਾਂਗ ਇਸ ਨੂੰ ਤੋੜ ਨਿਭਾਕੇ ਕੌਮ ਦੀ ਸੇਵਾ ਕੀਤੀ। ਇਸੇ ਸੇਵਾ ਹਿਤ ਸ਼ਹੀਦੀ ਪ੍ਰਾਪਤ ਕੀਤੀ।

(ਅ)ਸ਼ਹੀਦ ਕਰਤਾਰ ਸਿੰਘ ਸਰਾਭਾ:-ਜਦੋਂ ਵੀ ਗ਼ਦਰ ਲਹਿਰ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਨਾਂ ਮੁਹਰਲੀਆਂ ਕਤਾਰਾਂ ਵਿੱਚ ਆਉਂਦਾ ਹੈ ਜਿਸ ਨੇ ਬਹੁਤ ਹੀ ਛੋਟੀ ਉਮਰ ਵਿੱਚ ਗ਼ਦਰ ਲਹਿਰ ਦੇ ਲੇਖੇ ਆਪਣਾ ਜੀਵਨ ਅਰਪਣ ਕਰ ਦਿੱਤਾ। ਬ੍ਰਿਟਿਸ਼ ਰਾਜ ਤੋਂ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਨੂੰ ਉਸ ਨੇ ਆਪਣੇ ਜੀਵਨ ਦਾ ਇੱਕੋ-ਇੱਕ ਉਦੇਸ਼ ਬਣਾ ਲਿਆ ਜਦ ਕਿ ਅਮਰੀਕਾ ਵਿੱਚ ਉਹ ਪੜ੍ਹਨ ਵਾਸਤੇ ਗਿਆ ਸੀ। ਜਗਜੀਤ ਸਿੰਘ ਅਨੁਸਾਰ, "ਸ੍ਰੀ ਕਰਤਾਰ ਸਿੰਘ ਸਰਾਭਾ ਦੇ ਡੂੰਘੇ ਮਨ ਵਿਚੋਂ ਸਵੇਰੇ ਜਾਗਦੇ ਸਾਰ ਸਭ ਤੋਂ ਪਹਿਲੇ ਆਪ ਮੁਹਾਰੇ ਵਿਚ ਸ਼ਬਦ ਨਿਕਲਦੇ ਕਿ 'ਮਾਰੋ ਫਰੰਗੀ'(ਪੰ.93, ਗ਼ਦਰ ਪਾਰਟੀ ਲਹਿਰ)। ਉਸ ਦੇ ਆਖ਼ਰੀ ਸਮੇ ਦੇ ਬਿਆਨ ਉਸਦੀ ਸਿੱਖੀ ਵਾਲੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ।ਗ਼ਦਰ ਦੇ ਦੂਸਰੇ ਦੌਰ ਵਿੱਚ ਕਰਤਾਰ ਸਿੰਘ ਸਰਾਭਾ ਕਿਸੇ ਇਨਕਲਾਬੀ ਕੋਲੋਂ ਹਥਿਆਰ ਖਰੀਦਣ ਬੰਗਾਲ ਗਿਆ ਸੀ ਤਾਂ ਬੰਗਾਲ ਪਾਰਟੀ ਦੇ ਪੰਜਾਬ ਵਿਚ ਇਨਕਲਾਬੀਆਂ ਦੀ ਕਪੂਰਥਲਾ ਪਾਰਟੀ ਨਾਲ ਸਬੰਧਾਂ ਦਾ ਪਤਾ ਲੈਕੇ ਆਏ।ਬੰਗਾਲੀ ਇਨਕਲਾਬੀ ਸ੍ਰੀ ਸਾਨਯਾਲ ਦਾ ਬਿਆਨ ਵੀ ਇਸ ਤੱਥ ਤੇ ਰੋਸਨੀ ਪਾਉਂਦਾ ਹੈ ਕਿ ਪੰਜਾਬ ਦੇ ਗ਼ਦਰੀਆਂ ਦੀ ਬਤੌਰ ਸਿੱਖ ਪਛਾਣ ਬਣੀ ਹੋਈ ਸੀ, "ਪੰਜਾਬ ਦਲ ਦਾ ਇਕ ਮਨੁੱਖ ਉਥੋਂ ਦੇ ਬਲਵੇ ਦੀ ਖ਼ਬਰ ਲੈ ਕੇ ਅਸਾਡੇ ਪਾਸ ਆਇਆ। ਜਦ ਉਸ ਦੇ ਮੂੰਹੋਂ ਸੁਣਿਆ ਕਿ ਬਲਵੇ ਵਾਸਤੇ ਦੋ-ਤਿੰਨ ਹਜ਼ਾਰ ਸਿੱਖ ਕਮਰ-ਕੱਸੇ ਕਰੀ ਤਿਆਰ ਬੈਠੇ ਹਨ ਤਾਂ ਸਾਡਾ ਆਤਮਾ ਅਨੰਦ ਵਿਚ ਆ ਕੇ ਥਿਰਕਣ ਲੱਗ ਪਿਆ।…ਪਹਿਲਾਂ ਹੀ ਪੱਕੀ ਹੋ ਗਈ ਸੀ ਕਿ ਜਲੰਧਰ ਸ਼ਹਿਰ ਵਿੱਚ ਜਾ ਕੇ ਸਿੱਖ ਮੁਖੀਆਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇ ਨਵੰਬਰ ਦਾ ਮਹੀਨਾ ਮੁੱਕਣ ਵਾਲਾ ਸੀ।…ਲੁਧਿਆਣੇ ਪਹੁੰਚਦਿਆਂ ਹੀ ਵੇਖਿਆ ਕਿ ਮੇਰੇ ਮਿੱਤ੍ਰ ਦਾ ਸਿਆਣੂ ਇੱਕ ਸਿੱਖ ਮੁੰਡਾ ਅਸਾਂ ਦੀ ਉਡੀਕ ਕਰ ਰਿਹਾ ਸੀ। ਮਿੱਤ੍ਰ ਨੇ ਮੇਰੀ ਜਾਣ-ਪਛਾਣ ਕਰਾਈ। ਇਹੋ ਕਰਤਾਰ ਸਿੰਘ ਸੀ"।(ਗ਼ਦਰ ਪਾਰਟੀ ਲਹਿਰ-ਪੰ.245)। ਪਹਿਲੇ ਕੇਸ ਵਿਚ ਸ੍ਰੀ ਕਰਤਾਰ ਸਿੰਘ ਸਰਾਭਾ ਬਾਰੇ ਲਿਖਿਆ ਹੈ ਕਿ, "ਬਿਨਾਂ ਸ਼ੱਕ ਉਸ ਦੀ ਉਮਰ ਛੋਟੀ ਹੈ ਪਰ ਨਿਰਸੰਦੇਹ ਸਭ ਤੋਂ ਵੱਧ ਖ਼ਰਾਬ ਸਾਜ਼ਸ਼ੀਆਂ ਵਿੱਚੋਂ ਇਕ ਹੈ। ਉਹ ਬਿਲਕੁਲ ਨਿਰਦਈ ਬਦਮਾਸ਼ ਹੈ, ਜਿਸ ਨੂੰ ਆਪਣੀਆਂ ਕਾਰਵਾਈਆਂ ਉਤੇ ਮਾਣ ਹੈ, ਅਤੇ ਜਿਸ ਨੂੰ ਨਾ ਰਹਿਮ ਵਿਖਾਇਆ ਜਾ ਸਕਦਾ ਹੈ ਅਤੇ ਨਾ ਵਿਖਾਇਆ ਜਾਣਾ ਚਾਹੀਦਾ ਹੈ"।(ਗ਼ਦਰ ਲਹਿਰ, ਪੰ.412) ਕਰਤਾਰ ਸਿੰਘ ਸਰਾਭਾ ਬਾਰੇ ਸ੍ਰੀ ਸਨਿਆਲ ਲਿਖਦੇ ਹਨ, "ਜ਼ੰਜ਼ੀਰਾਂ ਵਿੱਚ ਜਕੜੇ ਹੋਏ ਕਰਤਾਰ ਸਿੰਘ ਦੇ ਮੁਖੜੇ ਪੁਰ ਬੀਰਤਾ ਦੀ ਅਜਿਹੀ ਸ਼ੋਭਾ ਝਲਕਦੀ ਸੀ ਕਿ ਉਸ ਸੂਰਤ ਨੂੰ ਵੇਖ-ਵੇਖ ਸੱਜਣ ਦੁਸ਼ਮਣ ਸਭ ਇਕਦਮ ਮੁਗਧ ਹੋ ਜਾਂਦੇ" (ਗ਼ਦਰ ਪਾਰਟੀ ਲਹਿਰ, ਪੰ.413) ਭਾਈ ਪਰਮਾਨੰਦ (ਜਿਨ੍ਹਾਂ ਨੇ ਗ਼ਦਰੀਆਂ ਦੀਆਂ ਕੋਸ਼ਿਸ਼ਾਂ ਨੂੰ ਬੱਚਿਆਂ ਦੇ ਖੇਲ੍ਹ ਨਾਲ ਤੁਲਨਾ ਦਿੱਤੀ ਅਤੇ ਇਸ ਦੀ ਬਹੁਤੀ ਜ਼ਿੰਮੇਵਾਰੀ ਸ੍ਰੀ ਕਰਤਾਰ ਸਿੰਘ ਉਤੇ ਸੁੱਟੀ) ਵੀ ਸ੍ਰੀ ਕਰਤਾਰ ਸਿੰਘ ਸਰਾਭਾ ਬਾਰੇ ਲਿਖਦੇ ਹਨ ਕਿ, "ਪਰ ਉਸ ਦੀ ਉੱਚੀ ਸਪਿੱਰਟ ਉਸ ਦੀ ਨਿਡਰਤਾ ਅਤੇ ਮੌਤ ਤੋਂ ਬੇਪਰਵਾਹੀ, ਐਸੀਆਂ ਖ਼ੂਬੀਆਂ ਹਨ, ਜੋ ਉਸ ਉਮਰ ਦੇ ਛੋਕਰੇ ਵਿੱਚ ਦੁਰਲੱਭ ਹਨ।…ਉਹ ਵੱਡੇ ਅਫਸਰਾਂ ਕੋਲੋਂ ਮਾਸਾ ਵੀ ਨਹੀਂ ਡਰਦਾ"।(ਗ਼ਦਰ ਪਾਰਟੀ ਲਹਿਰ, ਪੰ.413)। ਕਰਤਾਰ ਸਿੰਘ ਸਰਾਭਾ ਨੇ ਮੌਤ ਦਾ ਹੁਕਮ ਸੁਣਾਏ ਜਾਣ ਤੇ ਕਿਹਾ "ਧੰਨਵਾਦ"। ਫਾਂਸੀ ਦੀਆਂ ਕੋਠੜੀਆਂ ਵਿੱਚ ਬੰਦ ਹੋਣ ਵੇਲੇ ਦੀ ਹਾਲਤ ਦਾ ਨਕਸ਼ਾ ਭਾਈ ਪਰਮਾਨੰਦ ਖਿੱਚਦੇ ਹਨ, "…ਕਰਤਾਰ ਸਿੰਘ ਖ਼ਾਸ ਤੌਰ ਉਤੇ ਖ਼ੁਸ਼ੀ ਦੇ ਰੰਗ ਵਿੱਚ ਸੀ ਅਤੇ ਆਪਣੀ ਸਪਿੱਰਟ ਦੂਸਰਿਆਂ ਵਿੱਚ ਭਰਦਾ। ਉਹ ਕਹਿੰਦਾ 'ਸਾਨੂੰ ਜਲਦੀ ਫਾਂਸੀ ਲੱਗੇ, ਤਾਕਿ ਅਸੀਂ ਜਲਦੀ ਮੁੜ ਜਨਮ ਲੈਕੇ ਆਪਣਾ ਕੰਮ ਉਥੋਂ ਸ਼ੁਰੂ ਕਰੀਏ ਜਿੱਥੇ ਅਸੀਂ ਛੱਡ ਚੱਲੇ ਹਾਂ"।(ਗ਼ਦਰ ਪਾਰਟੀ ਲਹਿਰ,ਪੰ.414)।

(ੲ) ਸ਼ਹੀਦ ਬੱਬਰ ਕਰਮ ਸਿੰਘ ਦੌਲਤ ਪੁਰ (ਸੋਮਾ: ਕਨੇਡਾ ਦੇ ਗਦਰੀ ਯੋਧੇ- ਸੋਹਣ ਸਿੰਘ ਪੂਨੀ):-ਭਾਈ ਕਰਮ ਸਿੰਘ ਦਾ ਜਨਮ 1880 ਈ. ਨੂੰ ਜ਼ਿਲਾ ਨਵਾਂ ਸ਼ਹਿਰ ਦੇ ਪਿੰਡ ਦੌਲਤ ਪੁਰ ਵਿੱਚ ਹੋਇਆ।ਮੁਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਫਿਰ ਫੌਜ ਵਿੱਚ ਭਰਤੀ ਹੋ ਗਏ। ਅੱਠ ਸਾਲ ਫੌਜ ਦੀ ਨੌਕਰੀ ਕਰਨ ਤੋਂ ਬਾਅਦ 1907 ਵਿੱਚ ਕੈਨੇਡਾ ਆ ਗਏ ਅਤੇ ਆਪਣੇ ਭਰਾ ਹਰੀ ਸਿੰਘ ਨਾਲ ਵੈਨਕੂਵਰ ਨੇੜੇ ਐਬਸਫੋਰਡ ਵਿੱਚ ਰਹਿਣ ਲੱਗੇ।ਸੰਤ ਤੇਜਾ ਸਿੰਘ ਦੀ ਅਗਵਾਈ ਥੱਲੇ ਬਣੀ 'ਗੁਰੂ ਨਾਨਕ ਮਾਈਨਿੰਗ ਐਂਡ ਟ੍ਰਸਟ ਕੰਪਨੀ' ਦੇ ਭਾਈ ਸਾਹਿਬ ਹਿੱਸੇਦਾਰ ਸਨ। ਕਨੇਡਾ ਵਿੱਚ ਸਿਆਸੀ ਪ੍ਰਚਾਰ ਕਾਰਨ ਭਾਈ ਕਰਮ ਸਿੰਘ ਵਿੱਚ ਵੀ ਦੇਸ਼ ਨੂੰ ਹਥਿਆਰਬੰਦ ਘੋਲ ਰਾਹੀਂ ਅਜ਼ਾਦ ਕਰਾਉਣ ਦੀ ਚੇਤਨਾ ਜਾਗੀ।ਅਪ੍ਰੈਲ 1913 ਵਿੱਚ ਗ਼ਦਰ

ਪਾਰਟੀ ਬਣੀ ਤਾਂ ਆਪ ਵੀ ਇਸ ਦੇ ਮੈਂਬਰ ਬਣ ਗਏ।ਗ਼ਦਰ ਪਾਰਟੀ ਦੇ ਸੱਦੇ ਤੇ 1914 ਨੂੰ ਹਿੰਦੁਸਤਾਨ ਚਲੇ ਗਏ, ਜਿੱਥੇ ਪਹੁੰਚਣ ਤੇ ਗ੍ਰਿਫਤਾਰ ਕਰ ਲਿਆ ਗਿਆ। ਫੇਰ ਪਿੰਡ ਲਿਜਾ ਕੇ ਜੂਹਬੰਦ ਕਰ ਦਿੱਤੇ ਗਏ। ਜੂਹਬੰਦੀ ਦੀ ਇਹ ਪਾਬੰਦੀ 1918 ਤੱਕ ਲੱਗੀ ਰਹੀ।ਜੂਹਬੰਦੀ ਖਤਮ ਹੋਣ 'ਤੇ ਭਾਈ ਕਰਮ ਸਿੰਘ ਸਿਆਸੀ ਤੌਰ ਤੇ ਫਿਰ ਸਰਗਰਮ ਹੋ ਗਏ।

ਮਹੰਤ ਨਰੈਣਦਾਸ ਨੇ 21 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿੱਖੇ ਸੌ ਤੋਂ ਉਤੇ ਸਿੱਖ ਸ਼ਹੀਦ ਕਰ ਦਿੱਤੇ, ਜਿਸ ਕਾਰਨ ਸਿੱਖਾਂ ਵਿੱਚ ਗੁੱਸਾ ਭੜਕ ਉਠਿਆ। ਭਾਈ ਕਰਮ ਸਿੰਘ ਨੇ ਕਨੇਡਾ ਤੋਂ ਪਰਤੇ ਆਪਣੇ ਮਿੱਤਰ ਆਸਾ ਸਿੰਘ ਭੁਕੜੂਦੀ ਨਾਲ  ਨਨਕਾਣਾ ਸਾਹਿਬ ਜਾ ਕੇ ਅੰਮ੍ਰਿਤ ਛਕਿਆ। ਹੁਣ ਤੀਕਰ ਆਪ ਦਾ ਨਾਂ ਨਰੈਣ ਸਿੰਘ ਸੀ। ਅੰਮ੍ਰਿਤ ਛਕਣ ਪਿੱਛੋਂ ਆਪਦਾ ਨਾਂ ਬਦਲ ਕੇ ਕਰਮ ਸਿੰਘ ਰੱਖਿਆ ਗਿਆ। ਨਨਕਾਣਾ ਸਾਹਿਬ ਤੋਂ ਆ ਕੇ ਆਪ ਅਕਾਲੀਆਂ ਦੀ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲੱਗੇ।ਕੁਰੱਪਟ ਮਹੰਤਾਂ ਤੋਂ ਗੁਰਦੁਆਰੇ ਆਜ਼ਾਦ ਕਰਾਉਣ ਲਈ ਸ਼ਾਂਤਮਈ ਅੰਦੋਲਨ ਕਰ ਰਹੇ ਅਕਾਲੀਆਂ ਉਤੇ ਪੁਲਿਸ ਬੇਤਹਾਸ਼ਾ ਤਸ਼ਦੱਦ ਕਰਦੀ, ਜਿਸ ਨੂੰ ਉਹ ਚੁਪਚਾਪ ਸਹਿਣ ਕਰਦੇ। ਪਰ ਕੁੱਝ ਅਣਖੀ ਅਤੇ ਜੋਸ਼ੀਲੇ ਸਿੱਖਾਂ ਨੇ ਅਕਾਲੀਆਂ ਦੀ ਇਸ ਪੱਟੜੀ ਪੁਰ ਚੜ੍ਹਨੋ ਨਾਂਹ ਕਰ ਦਿੱਤੀ।ਕਿਸ਼ਨ ਸਿੰਘ ਗੜਗੱਜ ਅਤੇ ਮੋਤਾ ਸਿੰਘ ਪਤਾਰਾ ਵਰਗੇ ਜੋਸ਼ੀਲੇ ਸਿੱਖਾਂ ਨੇ 1921 ਨੂੰ ਹੁਸ਼ਿਆਰ ਪੁਰ ਵਿੱਚ ਮੀਟਿੰਗ ਕਰਕੇ ਹਥਿਆਰਬੰਦ ਬਗ਼ਾਵਤ ਕਰਨ ਲਈ 'ਚੱਕਰਵਰਤੀ' ਜਥਾ ਬਣਾ ਲਿਆ। ਭਾਈ ਕਰਮ ਸਿੰਘ ਨੇ ਆਪਣੇ ਕਨੇਡਾ ਤੋਂ ਪਰਤੇ ਸਾਥੀਆਂ ਨਾਲ ਰਲਕੇ ਵੱਖਰਾ ਜਥਾ ਬਣਾ ਲਿਆ ਅਤੇ 'ਬੱਬਰ ਅਕਾਲੀ' ਨਾਂ ਦਾ ਪਰਚਾ ਕੱਢਿਆ। ਇਸ ਤੋਂ ਪ੍ਰਭਾਵਤ ਹੋ ਕੇ ਕਿਸ਼ਨ ਸਿੰਘ ਗੜਗੱਜ ਨੇ ਆਪਣੇ ਜਥੇ ਨੂੰ ਵੀ ਭਾਈ ਕਰਮ ਸਿੰਘ ਦੇ ਜਥੇ ਨਾਲ ਮਿਲਾ ਲਿਆ ਅਤੇ ਜਥੇ ਦਾ ਨਾਂ 'ਬੱਬਰ ਅਕਾਲੀ' ਰੱਖਿਆ ਅਤੇ ਇਕੱਠੇ ਹੋਕੇ ਸੰਘਰਸ਼ ਸ਼ੁਰੂ ਕਰ ਦਿੱਤਾ। 8 ਅਗਸਤ 1923 ਨੂੰ ਕਪੂਰਥਲਾ ਦੇ ਬਬੇਲੀ ਪਿੰਡ ਵਿੱਚ ਆਪਣੇ ਹੀ ਇੱਕ ਸਾਥੀ ਅਨੂਪ ਸਿੰਘ ਦੀ ਮੁਖਬਰੀ ਤੇ, ਜੋ ਬਹਾਨਾ ਬਣਾ ਕੇ ਉਸੇ ਪਿੰਡ ਵਿੱਚ ਕਿਸੇ ਅਲੱਗ ਘਰ ਵਿੱਚ ਠਹਿਰਿਆ ਸੀ, ਭਾਈ ਕਰਮ ਸਿੰਘ ਅਤੇ ਉਸ ਦੇ ਸਾਥੀਆਂ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ, ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਦੇ ਜਥੇ ਨੂੰ ਫੜਨ ਲਈ ਪੁਲਿਸ ਨੇ ਪਿੰਡ ਨੂੰ ਘੇਰਾ ਪਾ ਲਿਆ।ਪਿੰਡ ਨੂੰ ਨੁਕਸਾਨ ਤੋਂ ਬਚਾਉਣ ਲਈ ਜਥੇ ਨੇ ਪਿੰਡੋਂ ਬਾਹਰ ਜਾ ਕੇ ਲੜਨ ਦਾ ਫੈਸਲਾ ਕੀਤਾ। ਬੱਬਰਾਂ ਨੇ ਕਿਰਪਾਨਾਂ ਸੂਤ ਕੇ ਜੈਕਾਰਾ ਛੱਡਿਆ ਅਤੇ ਪੁਲਿਸ ਦੀ ਟੁਕੜੀ ਤੇ ਹਮਲਾ ਕਰ ਦਿੱਤਾ। ਚੋਅ ਵਿੱਚੋਂ ਦੀ ਗੁਰਦੁਆਰਾ ਚੌਂਤਾ ਸਾਹਿਬ ਵੱਲ ਜਾਂਦਿਆਂ ਬੱਬਰ ਮਹਿੰਦਰ ਸਿੰਘ, ਉਦੇ ਸਿੰਘ ਅਤੇ ਬਿਸ਼ਨ ਸਿੰਘ ਸ਼ਹੀਦ ਹੋ ਗਏ। ਭਾਈ ਕਰਮ ਸਿੰਘ ਕੰਢੇ ਤੋਂ ਥੋੜੀ ਦੂਰ, ਇੱਕ ਹੱਥ ਵਿੱਚ ਕਿਰਪਾਨ ਅਤੇ ਦੂਸਰੇ ਹੱਥ ਵਿੱਚ ਬੰਦੂਕ ਫੜੀ ਗੋਡੇ ਗੋਡੇ ਪਾਣੀ ਵਿੱਚ ਖੜ੍ਹੇ ਸਨ।ਸਬ-ਇੰਸਪੈਕਟਰ ਫਤਿਹ ਖਾਨ ਨੇ ਹਥਿਆਰ ਸੁੱਟਣ ਲਈ ਕਿਹਾ ਤਾਂ ਭਾਈ ਕਰਮ ਸਿੰਘ ਨੇ ਗਰਜਵੀਂ ਆਵਾਜ਼ ਵਿੱਚ ਜਵਾਬ ਦਿੱਤਾ, "ਸਿੱਖ ਮੈਦਾਨੇ ਜੰਗ ਵਿੱਚ ਹਥਿਆਰ ਨਹੀਂ ਸੁੱਟਿਆ ਕਰਦਾ। ਮੈਂ ਜਿਊਂਦਾ ਹਥਿਆਰ ਨਹੀਂ ਸੁੱਟਾਂਗਾ"। ਭਾਈ ਸਾਹਿਬ ਨੇ ਫਤਿਹ ਖਾਨ ਤੇ ਗੋਲੀ ਚਲਾਈ ਪਰ ਉਹ ਬਚ ਗਿਆ। ਫਤਿਹ ਖਾਨ ਨੇ ਭਾਈ ਸਾਹਿਬ ਦੇ ਮੱਥੇ ਵਿੱਚ ਗੋਲੀ ਮਾਰੀ ਜਿਸ ਨਾਲ ਉਹ ਸ਼ਹੀਦ ਹੋ ਗਏ। ਭਾਈ ਕਰਮ ਸਿੰਘ ਆਪ ਕਵਿਤਾ ਵੀ ਲਿਖਦੇ ਸੀ:-

'ਕਰਮ ਸਿੰਘ' ਕਰਤਾਰ ਦੀ ਓਟ ਲੈ ਕੇ,<br>
ਹੁਣ ਜਾਲਮਾਂ ਵੰਡੀਆਂ ਪਾ ਭਾਈ।

(ਸ)ਸ਼ਹੀਦ ਉਧਮ ਸਿੰਘ:- ਪਿੱਛੇ ਜਲ੍ਹਿਆਂ ਵਾਲਾ ਬਾਗ ਦੀ ਘਟਨਾ ਦਾ ਜ਼ਿਕਰ ਹੋ ਚੁੱਕਾ ਹੈ।ਜਲਿਆਂ ਵਾਲੇ ਬਾਗ ਦੇ ਖੂਨੀ ਸਾਕੇ ਦਾ ਬਦਲਾ ਸ਼ਹੀਦ ਉਧਮ ਸਿੰਘ ਨੇ ਇੰਗਲੈਂਡ ਜਾ ਕੇ ਮਾਰਚ 1940 ਵਿੱਚ ਮਾਈਕਲ ਓ ਡਵਾਇਰ ਨੂੰ ਮਾਰ ਕੇ ਲਿਆ।ਉਧਮ ਸਿੰਘ ਦਾ ਜਨਮ ਸੰਗਰੂਰ ਜ਼ਿਲੇ ਦੀ ਤਹਿਸੀਲ ਸੁਨਾਮ ਦੇ ਪਿੰਡ ਸ਼ਾਹਪੁਰ ਕਲਾਂ ਵਿੱਚ ਸਰਦਾਰ ਟਹਿਲ ਸਿੰਘ ਦੇ ਘਰ 26 ਦਸੰਬਰ 1899 ਈ. ਨੂੰ ਹੋਇਆ, ਜਿਨ੍ਹਾਂ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਨਾਂ ਚੂਹੜ ਸਿੰਘ ਸੀ।ਮਾਂ-ਬਾਪ ਦੀ ਮੌਤ ਤੋਂ ਬਾਅਦ ਕਿਸ਼ਨ ਸਿੰਘ ਰਾਗੀ ਦੀ ਮੱਦਦ ਨਾਲ ਸ਼ੇਰ ਸਿੰਘ (ਉਧਮ ਸਿੰਘ) ਅਤੇ ਵੱਡਾ ਭਰਾ ਮੁਕਤਾ ਸਿੰਘ ਅੰਮ੍ਰਿਤਸਰ, ਪੁਤਲੀ ਘਰ, ਕੇਂਦਰੀ ਖਾਲਸਾ ਯਤੀਮਖਾਨਾ ਵਿੱਚ 24 ਅਕਤੂਬਰ 1907 ਨੂੰ ਚਲੇ ਗਏ। ਇਥੇ ਹੀ ਉਹ ਸਿੱਖ ਰਹਿਤ ਵਿੱਚ ਪਰਪੱਕ ਹੋਏ, ਸ਼ੇਰ ਸਿੰਘ ਨੂੰ ਨਵਾਂ ਨਾਂ ਉਧਮ ਸਿੰਘ ਅਤੇ ਮੁਕਤਾ ਸਿੰਘ ਨੂੰ ਸਾਧੂ ਸਿੰਘ ਦਿੱਤਾ ਗਿਆ। ਇਥੇ ਹੀ ਉਧਮ ਸਿੰਘ ਨੇ ਦਸਵੀਂ ਪਾਸ ਕੀਤੀ ਅਤੇ ਕਈ ਕਿੱਤੇ ਸਿੱਖੇ। ਸਾਧੂ ਸਿੰਘ ਦੀ ਮੌਤ 1917 ਵਿੱਚ ਹੋ ਗਈ ਅਤੇ ਉਧਮ ਸਿੰਘ ਨੇ 1919

ਵਿੱਚ ਯਤੀਮਖਾਨਾ ਛੱਡ ਦਿੱਤਾ, ਗ਼ਦਰ ਲਹਿਰ ਵਿੱਚ ਕੁੱਦ ਪਿਆ ਅਤੇ ਇਨਕਲਾਬੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਜਲਿਆਂ ਵਾਲੇ ਬਾਗ ਦਾ ਸਾਕਾ ਉਧਮ ਸਿੰਘ ਨੇ ਆਪਣੀਆਂ ਅੱਖਾਂ ਸਾਹਮਣੇ ਵਾਪਰਦਾ ਦੇਖਿਆ ਸੀ।ਦੇਸ਼-ਦੇਸ਼ ਘੁੰਮਦੇ-ਘੁੰਮਾਉਂਦੇ ਲੰਡਨ ਪਹੁੰਚ ਗਿਆ।13 ਮਾਰਚ 1940 ਨੂੰ ਜਲਿਆਂ ਵਾਲਾ ਬਾਗ ਦੇ ਕਤਲੇਆਮ ਤੋਂ 21 ਸਾਲ ਬਾਅਦ ਕੇਕਸਟੋਨ ਹਾਲ ਵਿੱਚ ਸੈਂਟਰਲ ਏਸ਼ੀਅਨ ਸੋਸਾਇਟੀ ਦੀ ਮੀਟਿੰਗ ਸੀ ਜਿਸ ਵਿੱਚ ਮਾਈਕਲ ਓਡਵਾਇਰ ਨੇ ਵੀ ਬੋਲਣਾ ਸੀ। ਉਧਮ ਸਿੰਘ ਆਪਣਾ ਰਿਵਾਲਵਰ ਪੁਸਤਕ ਵਿੱਚ ਛੁਪਾ ਕੇ ਲੈ ਗਿਆ। ਜਿਉਂ ਹੀ ਓਡਵਾਇਰ ਪਲੈਟਫਾਰਮ ਵੱਲ ਜਾਣ ਲੱਗਾ ਉਧਮ ਸਿੰਘ ਨੇ ਗੋਲੀਆਂ ਚਲਾਈਆਂ। ਓਡਵਾਇਰ ਥਾਂ ਤੇ ਹੀ ਮਾਰਿਆ ਗਿਆ, ਜੈਟਲੈਂਡ ਜੋ ਭਾਰਤ ਲਈ ਸਕੱਤਰ ਸੀ ਤੇ ਗੋਲੀ ਚਲਾਈ ਪਰ ਉਹ ਮਰਿਆ ਨਹੀਂ, ਜ਼ਖਮੀ ਹੋ ਗਿਆ ਅਤੇ ਦੋ ਹੋਰ ਅਫਸਰ ਵੀ ਜ਼ਖਮੀ ਹੋ ਗਏ। ਉਧਮ ਸਿੰਘ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।1 ਅਪ੍ਰੈਲ 1940 ਨੂੰ ਉਧਮ ਸਿੰਘ ਨੂੰ ਸਜਾ ਸੁਣਾਈ ਗਈ। ਸੈਂਟਰਲ ਕਰਿਮੀਨਲ ਕੋਰਟ, ਓਲਡ ਬੈਲੇ ਵਿੱਚ ਜਦੋਂ ਜਸਟਿਸ ਐਟਕਿਨਸਨ ਨੇ ਉਧਮ ਸਿੰਘ ਨੂੰ ਉਸਦਾ ਨਾਂ ਪੁਛਿਆ ਤਾਂ ਉਸ ਨੇ ਉਤਰ ਦਿੱਤਾ, "ਰਾਮ ਮੁਹੰਮਦ ਸਿੰਘ ਅਜ਼ਾਦ" ਜੋ ਨਸਲ, ਜ਼ਾਤ, ਫਿਰਕਾ ਅਤੇ ਧਾਰਮਿਕ ਹੱਦਾਂ ਤੋਂ ਪਾਰ ਲੰਘ ਜਾਣ ਵੱਲ ਇਸ਼ਾਰਾ ਕਰਦਾ ਹੈ। ਉਧਮ ਸਿੰਘ ਨੇ ਸਪਸ਼ਟ ਕੀਤਾ, " ਮੈਂ ਇਹ ਇਸ ਲਈ ਕੀਤਾ ਕਿਉਂਕਿ ਮੈਨੂੰ ਉਸ ਨਾਲ ਗੁੱਸਾ ਸੀ।ਉਹ ਇਸੇ ਦੇ ਲਾਇਕ ਸੀ"।

(ਹ) ਭਗਤ ਸਿੰਘ:- ਸਰਦਾਰ ਅਜੀਤ ਸਿੰਘ ਦੇ ਸਬੰਧ ਵਿੱਚ ਇਹ ਤੱਥ ਸਾਹਮਣੇ ਆਇਆ ਸੀ ਕਿ ਸ਼ਹੀਦ ਭਗਤ ਸਿੰਘ ਦਾ ਪਰਿਵਾਰ ਪੁਰਖਿਆਂ ਤੋਂ ਅੰਮ੍ਰਿਤਧਾਰੀ ਅਤੇ ਦੇਸ਼-ਭਗਤ ਪਰਿਵਾਰ ਸੀ।ਭਗਤ ਸਿੰਘ ਦੇ ਪੜਦਾਦਾ ਸਰਦਾਰ ਫਤਿਹ ਸਿੰਘ ਅੰਮ੍ਰਿਤਧਾਰੀ ਸਿੱਖ ਸਨ ਜੋ ਖਾਲਸਾ ਫੌਜਾਂ ਵੱਲੋਂ ਅੰਗਰੇਜ਼ਾਂ ਨਾਲ ਲੜੇ। ਸਰਦਾਰ ਕਿਸ਼ਨ ਸਿੰਘ ਅਤੇ ਸਰਦਾਰ ਅਜੀਤ ਸਿੰਘ ਅਨੰਦ ਪੁਰ ਸਾਹਿਬ ਹੋਲੇ-ਮਹੱਲੇ ਤੇ ਜਾਕੇ ਅੰਮ੍ਰਿਤ ਛਕ ਕੇ ਆਏ ਸੀ।ਇਹ ਬਿਲਕੁਲ ਕੁਦਰਤੀ ਹੈ ਕਿ ਇੱਕ ਸਿੱਖ ਅਤੇ ਦੇਸ਼-ਭਗਤ ਪਰਿਵਾਰ ਵਿੱਚ ਪੈਦਾ ਹੋਣ ਕਰਕੇ ਭਗਤ ਸਿੰਘ ਨੂੰ ਇਹ ਸਾਰੇ ਸੰਸਕਾਰ ਗੁੜ੍ਹਤੀ ਵਿੱਚ ਮਿਲੇ ਅਤੇ ਉਸਨੇ ਬ੍ਰਿਟਿਸ਼ ਰਾਜ ਦੇ ਖਿਲਾਫ ਇਨਕਲਾਬੀ ਰਸਤਾ ਅਪਣਾਇਆ। ਲਾਹੌਰ ਸਾਜਸ਼ ਕੇਸ ਵਿੱਚ ਚਾਰਜ ਹੋਣ ਤੋਂ ਬਾਅਦ ਸਰਦਾਰ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਮੇ ਸਮੇ ਆਪਣੇ ਬਿਆਨ ਜਾਰੀ ਕੀਤੇ ਜੋ ਕੋਰਟ ਵਿੱਚ ਪੇਸ ਕੀਤੇ ਜਾਂਦੇ ਰਹੇ। ਭਗਤ ਸਿੰਘ ਦੀ ਜ਼ੁਲਮ ਦੇ ਖਿਲਾਫ ਜਦੋ-ਜਹਿਦ ਨੂੰ ਦੱਸਣ ਲਈ ਇਸ ਵਿੱਚੋਂ ਕੁੱਝ ਪੰਕਤੀਆਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, (Source Wikipedia, the free encyclopedia):" We have used the expression Utopian non-violence, in the foregoing paragraph and which requires some explanation. Force when aggressively applied is "violence" and is, therefore, morally unjustifiable, but when it is used in the furtherance of a legitimate cause, it has its moral justification. The elimination of force at all costs in Utopian, and the mew movement which has arisen in the country, and of that dawn we have given a warning, is inspired by the ideal which guided Guru Gobind Singh and Shivaji, Kamal Pasha and Riza Khan, Washington and Garibaldi, Lafayette and Lenin."

ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫਰਨਾਮੇ ਵਿੱਚ ਔਰੰਗਜ਼ੇਬ ਨੂੰ ਲਿਖਿਆ ਹੈ ਕਿ ਜਦੋਂ ਜ਼ੁਲਮ ਦੇ ਖਿਲਾਫ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਉਠਾਉਣੀ ਪੈਂਦੀ ਹੈ, "ਚੂੰ ਕਰ ਹੀਲਤੇ ਦਰ ਗੁਜ਼ਸ਼। ਹਲਾਲਸਤ ਗੁਰਦਾਂ ਬਾ ਸ਼ਮਸ਼ੀਰ ਦਸਤ"।ਇਸੇ ਤਰਜ਼ ਤੇ ਭਗਤ ਸਿੰਘ ਅਤੇ ਸਾਥੀਆਂ ਨੇ ਆਪਣੇ ਬਿਆਨਾਂ ਵਿੱਚ ਇਨਕਲਾਬ ਦੇ ਤਰੀਕਿਆਂ ਬਾਰੇ ਸਪਸ਼ਟ ਕੀਤਾ ਹੈ:-

"As regards the methods, peaceful or otherwise, to be adopted for the consummation of the revolutionary ideal, let us declare that the choice rests with those who hold power. Revolutionaries, by virtue of their altruistic principles, are lovers of peace- a genuine and permanent peace based on justice and equality, not the illusory peace resulting from cowardice and maintained at the point of bayonets. If the revolutionaries take to bombs and pistols, it is only as a measure of terrible necessity, as a last recourse."

Conclusion:- ਉਪਰ ਕੀਤੀ ਵਿਚਾਰ ਚਰਚਾ ਤੋਨ ਇਕ ਗੱਲ ਉਭਰ ਕੇ ਸਾਹਮਣੇ ਆਉਂਦੀ ਹੇ ਕਿ ਗ਼ਦਰ ਪਾਰਟੀ ਲਹਿਰ ਵਿੱਚ ਸਿੱਖਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਉਹਨਾਂ ਨੇ ਸਿਰਫ ਹਿੱਸਾ ਹੀ ਨਹੀਂ ਲਿਆ ਸਗੋਂ

ਉਹ ਇਸ ਲਹਿਰ ਨੂੰ ਅੰਜ਼ਾਮ ਦੇਣ ਵਾਲੇ ਮੋਢੀਆਂ ਵਿੱਚੋਂ ਸਨ। ਉਹ ਪੂਰੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਤੋਂ ਪ੍ਰਭਾਵਤ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧਰਮ-ਚਿੰਤਨ ਹੀ ਇੱਕ ਅਜਿਹਾ ਚਿੰਤਨ ਹੈ ਜਿਸ ਨੇ ਹਿੰਦੁਸਤਾਨ ਨੂੰ ਸਮਾਜਿਕ ਬਰਾਬਰੀ, ਸਮਾਜਿਕ ਨਿਆਉਂ, ਵਿਤਕਰੇ-ਰਹਿਤ ਸਮਾਜਿਕ ਸ਼ਿਤਿਆਂ, ਆਪਣੇ ਹੱਕ ਲਈ ਆਪ ਲੜਨ, ਆਪਣੀ ਰੱਖਿਆ ਆਪ ਕਰਨ ਦਾ ਮਾਡਲ ਦਿੱਤਾ। ਅਸਲ ਵਿੱਚ ਗੁਰੂ ਨਾਨਕ ਵੱਲੋਂ ਹੀ ਇਨਕਲਾਬ ਜਿਸ ਨੂੰ ਸਰਦਾਰ ਜਗਜੀਤ ਸਿੰਘ ਸਿੱਖ ਇਨਕਲਾਬ ਕਹਿੰਦੇ ਹਨ ਰੱਖ ਦਿੱਤੀ ਗਈ ਸੀ। ਗੁਰੂ ਨਾਨਕ ਸਾਹਿਬ ਨੇ ਨਾ ਸਿਰਫ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਲੁੱਟ-ਖਸੁੱਟ ਵੱਲ ਧਿਆਨ ਦੁਆਇਆ ਸਗੋਂ ਉਹਨਾਂ ਨੇ ਬਾਬਰ ਨੂੰ ਲਲਕਾਰਿਆ ਅਤੇ ਉਸ ਨੂੰ 'ਜਮ' ਤੱਕ ਕਿਹਾ ਜੋ ਆਪਣੇ ਨਾਲ ਪਾਪ ਦੀ ਜੰਞ ਲੈ ਕੇ ਆਇਆ। ਹਿੰਦੁਸਤਾਨੀਆਂ ਨੂੰ ਗੁਰੂ ਨਾਨਕ ਨੇ ਉਹਨਾਂ ਦੀ ਗ਼ੁਲਾਮੀ ਦਾ ਅਹਿਸਾਸ ਕਰਾਇਆ ਅਤੇ ਦੱਸਿਆ ਕਿ ਆਪਣੀ ਰੱਖਿਆ ਆਪ ਕਰਨੀ ਪੈਂਦੀ ਹੈ, "ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ"॥(ਪੰ.418-19)। ਕੈਨੇਡਾ ਅਮਰੀਕਾ ਵਿੱਚ ਭਾਂਵੇਂ ਉਹ ਰੋਜੀ-ਰੋਟੀ ਕਮਾਉਣ ਗਏ ਸੀ ਪਰ ਉਥੇ ਜਾਕੇ ਉਹਨਾਂ ਨੂੰ ਗ਼ੁਲਾਮ ਮੁਲਕ ਤੋਂ ਹੋਣ ਕਰਕੇ ਜਿਸ ਕਿਸਮ ਦੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਇਸ ਨੇ ਉਹਨਾਂ ਅੰਦਰ ਸੁੱਤੇ ਪਏ ਸਿੱਖ ਨੂੰ ਜਗਾਇਆ ਅਤੇ ਮੁਲਕ ਦੀ ਓਜ਼ਾਦੀ ਲਈ ਲੜ-ਮਰਨ ਲਈ ਤੱਤਪਰ ਕੀਤਾ। ਇਹੀ ਨਹੀਂ ਇਹਨਾਂ ਬਾਹਰਲੇ ਮੁਲਕਾਂ ਵਿੱਚ ਗੁਰਦੁਆਰੇ ਬਣਾਏ, ਉਹਨਾਂ ਨੂੰ ਅਜ਼ਾਦੀ ਲਈ ਪਰਚਾਰ ਦ ਕੇਂਦਰ ਬਣਾਇਆ। ਗ਼ਦਰ ਦਾ ਪਰਚਾਰ ਕਰਨ ਵਾਲਿਆਂ ਵਿੱਚ ਬਹੁਤੇ ਗ੍ਰੰਥੀ ਸਿੰਘ ਸਨ ਜਿਨ੍ਹਾਂ ਦਾ ਵਰਨਣ ਕਰ ਸਕਣਾ ਸੰਭਵ ਨਹੀਂ ਹੋ ਸਕਿਆ। ਬਹੁਤੇ ਗ਼ਦਰੀ ਨਾ-ਸਿਰਫ ਸਾਬਤ-ਸੂਰਤ ਸਿੱਖ ਸਨ ਸਗੋਂ ਅੰਮ੍ਰਿਤਧਾਰੀ ਸਨ। ਗ਼ਦਰ ਪਾਰਟੀ ਦੇ ਮੰਤਵ ਬਾਰੇ ਜ਼ਿਕਰ ਕਰਦਿਆਂ ਹਰਨਾਮ ਸਿੰਘ ਟੁੰਡੀ ਲਾਟ ਨੇ ਲਿਖਿਆ ਹੈ, "ਗ਼ਦਰ ਪਾਰਟੀ ਦੀ ਸਥਾਪਤੀ ਤੋਂ ਲੈ ਕੇ ਹਿੰਦੁਸਤਾਨ ਅੰਦਰ ਬਗਾਵਤ ਕਰਨ ਵਾਸਤੇ, ਹਿੰਦੁਸਤਾਨ ਰਵਾਨਾ ਹੋਣ ਤੱਕ ਗ਼ਦਰ ਪਾਰਟੀ ਦੇ ਕਿਸੇ ਮੈਂਬਰ ਨੂੰ ਮਾਰਕਸਵਾਦ, ਸਾਮਰਾਜ, ਕਮਿਊਨਿਸਟ ਕੌਮਾਂਤਰੀ, ਬਾਲਸ਼ਵਿਕ ਆਦਿ ਨਾਉਂ ਦੀ ਕਿਸੀ ਸ਼ੈ ਜਾਂ ਸੰਸਥਾ ਦਾ ਕੋਈ ਇਲਮ ਨਹੀਂ ਸੀ। ਸਾਡੇ ਸਭ ਤੋਂ ਵਧੇਰੇ ਵਿਦਿਆ ਪ੍ਰਾਪਤਲਾਲਾ ਹਰਦਿਆਲ ਨੂੰ ਵੀ ਉਪਰੋਕਤ ਕਿਸੇ ਨਾਉਂ ਦੀ ਜਾਣਕਾਰੀ ਨਹੀਂ ਸੀ, ਹਾਲਾਂਕਿ ਉਨ੍ਹਾਂ ਦਾ ਕਿਤਾਬੀ ਤੇ ਅਖਬਾਰੀ ਅਧਿਐਨ ਬਾਕੀ ਸਾਰਿਆਂ ਨਾਲੋਂ ਬਹੁਤ ਵਿਸ਼ਾਲ ਸੀ।ਰੂਸ ਬਾਰੇ ਵੀ ਲਾਲਾ ਹਰਦਿਆਲ ਦੀ ਜਾਣਕਾਰੀ ਉਥੇ ਦੀ ਗ਼ਰਕਾਊ ਲਹਿਰ (ਅਨਾਰਕਿਸਟ) ਅਤੇ ਰੂਸੀ ਅਤਿਆਚਾਰਾਂ ਤੱਕ ਹੀ ਸੀਮਤ ਸੀ।( ਸੋਮਾ:ਪੰਜਾਬ ਟਾਈਮਜ ਯੂ.ਐਸ.ਏ)।ਸਰਦਾਰ ਭਗਤ ਸਿੰਘ ਦੇ ਖਾਨਦਾਨੀ ਇਤਿਹਾਸ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਇਹ ਪਰਿਵਾਰ ਆਰੀਆ ਸਮਾਜੀ ਨਹੀਂ ਸਗੋਂ ਗੁਰਸਿੱਖ ਪਰਿਵਾਰ ਸੀ।ਭਗਤ ਸਿੰਘ ਦੇ ਪਿਤਾ ਅਤੇ ਚਾਚਾ ਦੋਵੇਂ ਅੰਮ੍ਰਿਤਧਾਰੀ ਸੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗ਼ਦਰਪਾਰਟੀ ਲਹਿਰ ਦੀ ਇਨਕਲਾਬੀ ਸੋਚ ਦੀਆਂ ਜੜ੍ਹਾਂ 'ਸਿੱਖ ਇਨਕਲਾਬ' ਨਾਲ ਜੁੜੀਆਂ ਹੋਈਆਂ ਸੀ।

Bibliography:-

1.KAREN ISAKSEN LEONARD, Making Ethnic Choices, Temple University Press Philadelphia.(1992)

2.WIKIPEDIA-The Free Encyclopedia

3.ਜਗਜੀਤ ਸਿੰਘ, ਗ਼ਦਰ ਪਾਰਟੀ ਲਹਿਰ,ਨਵਯੁਗ ਪਬਲਿਸ਼ਰਜ, ਕੇ-24, ਹੌਜ ਖਾਸ, ਨਿਊ ਦਿੱਲੀ, ਸਤੰਬਰ 2000

4.ਸੋਹਣ ਸਿੰਘ ਪੂੰਨੀ, ਕਨੇਡਾ ਦੇ ਗਦਰੀ ਯੋਧੇ, ਸਿੰਘ ਬ੍ਰਦਰਜ ਅੰਮ੍ਰਿਤਸਰ, ਪਹਿਲੀ ਵਾਰ 2009

5.ਡਾ. ਹਰੀਸ਼ ਕੇ. ਪੁਰੀ, ਗ਼ਦਰ ਪਾਰਟੀ ਲਹਿਰ , ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅਮ੍ਰਿਤਸਰ 2006

6.